# ਮਾਈਕਰੋ ਪ੍ਰਸ਼ਨਾਵਲੀ: ਤੁਸੀਂ ਅਤੇ ਤੁਹਾਡਾ ਬੱਚਾ

MICRO QUESTIONNAIRE: YOU AND YOUR CHILD

## ਜਾਣ ਪਛਾਣ (Introduction)

ਬੱਚੇ ਬਹੁਤ ਛੇਤੀ ਵਧਦੇ ਅਤੇ ਵਿਕਸਤ ਹੁੰਦੇ ਹਨ। ਇਹ ਜਾਣਨਾ ਹਮੇਸ਼ਾ ਸੌਖਾ ਨਹੀਂ ਹੁੰਦਾ ਕਿ ਉਹ ਆਦਰਸ਼ਕ ਢੰਗ ਨਾਲ ਵਿਕਸਤ ਹੋ ਰਹੇ ਹਨ ਅਤੇ ਵਿਕਾਸ ਦੇ ਮੀਲ ਪੱਥਰਾਂ ਨੂੰ ਪੂਰਾ ਕਰ ਰਹੇ ਹਨ ਕਿ ਨਹੀਂ।

ਇੱਕ ਬੱਚੇ ਦੇ ਮਾਪੇ ਹੋਣ ਦੇ ਨਾਤੇ, ਜਿਸ ਦੀ ਉਮਰ 6 ਤੋਂ 12 ਸਾਲ ਦੇ ਵਿਚਾਲੇ ਹੈ, ਤੁਹਾਨੂੰ ਆਪਣੇ ਬੱਚੇ ਦੇ ਕਿਸੇ ਖ਼ਾਸ ਵਤੀਰੇ ਤੋਂ ਜੋ ਤਹਾਡਾ ਬੱਚਾ ਦਰਸਾ ਰਿਹਾ ਹੈ, ਚਿੰਤਾ ਹੋ ਸਕਦੀ ਹੈ- ਪਰ ਫੇਰ ਤੁਹਾਨੂੰ ਪਤਾ ਲਗ ਜਾਂਦਾ ਹੈ ਕਿ ਇਸ ਕਿਸਮ ਦਾ ਵਤੀਰਾ ਕਿਸੇ ਉਸ ਬੱਚੇ ਲਈ, ਜਿਹੜਾ ਤੁਹਾਡੇ ਬੱਚੇ ਜਿੰਨੀ ਉਮਰ ਦਾ ਹੈ, ਸਭਾਵਿਕ ਹੈ।

ਦੂਜੇ ਪਾਸੇ, ਹੋ ਸਕਦਾ ਹੈ ਤੁਹਾਨੂੰ ਜਾਪੇ ਕਿ ਕੋਈ ਵਿਸ਼ੇਸ਼ ਵਰਤਾਉ ਜਿਸ ਬਾਰੇ ਪਹਿਲਾਂ ਕਦੇ ਤੁਹਾਨੂੰ ਚਿੰਤਾ ਨਹੀਂ ਸੀ ਹੁੰਦੀ, ਹੁਣ ਇੱਕ ਸਮੱਸਿਆ ਬਣ ਗਿਆ ਹੈ ਅਤੇ ਇਸ ਦਾ ਹਲ, ਤੁਹਾਡੇ ਵੱਲੋਂ ਆਪ ਜਾਂ ਕਿਸੇ ਪੇਸ਼ਾਵਰ ਰਾਹੀਂ, ਤੁਰੰਤ ਹੋਣਾ ਚਾਹੀਦਾ ਹੈ।

ਜੇ ਤੁਹਾਨੂੰ ਆਪਣੇ ਬੱਚੇ ਦੇ ਵਿਕਾਸ ਸਬੰਧੀ ਵਾਕਈ ਚਿੰਤਾ ਹੈ, ਤਾਂ ਅਗਾਂਹ ਦਿੱਤੀ ਪ੍ਰਸ਼ਨਾਵਲੀ ਤੁਹਾਨੂੰ ਇਹ ਸਹੀ ਨਿਸ਼ਾਨਦੇਹੀ ਕਰਨ ਵਿੱਚ ਮਦਦ ਕਰੇਗੀ ਕਿ ਆਪਣੇ ਬੱਚੇ ਬਾਰੇ ਤੁਹਾਡੀਆਂ ਚਿੰਤਾਵਾਂ ਦਾ ਅਧਾਰ ਕੀ ਹੈ।ਇਹ ਤੁਹਾਡਾ ਉਨ੍ਹਾਂ ਪੇਸ਼ਾਵਰਾਂ ਅਤੇ/ਜਾਂ ਏਜੰਸੀਆਂ ਬਾਰੇ ਵੀ ਅਗਵਾਹ ਕਰੇਗੀ ਜਿਨ੍ਹਾਂ ਨਾਲ ਤੁਹਾਨੂੰ ਸੰਪਰਕ ਕਰਨਾ ਚਾਹੀਦਾ ਹੈ।

## ਸੈਕਸ਼ਨ ਦਾ ਵੇਰਵਾ (Section description)

ਇਸ ਪ੍ਰਸ਼ਨਾਵਲੀ ਵਿੱਚ ਤੁਹਾਡੇ 6 ਤੋਂ 12 ਸਾਲ ਦੇ ਵਿਚਕਾਰ ਉਮਰ ਦੇ ਬੱਚਿਆਂ ਦੇ **ਸਮੁੱਚੇ** ਵਿਕਾਸ ਸਬੰਧੀ ਸੰਭਾਵਤ ਚਿੰਤਾਵਾਂ ਬਾਰੇ ਜਾਣਕਾਰੀ ਸ਼ਾਮਲ ਹੈ।ਇਹ ਪ੍ਰਸ਼ਨਾਵਲੀ ਤੁਹਾਡੇ ਵੱਲੋਂ ਭਰੇ ਜਾਣ ਅਤੇ ਕਿਸੇ ਅਜਿਹੇ ਵਿਅਕਤੀ ਜਿਸ ਤੇ ਤੁਹਾਨੂੰ ਭਰੋਸਾ ਹੋਵੇ, ਨਾਲ ਸਾਂਝਿਆਂ ਕਰਨ ਲਈ ਹੈ। ਕਿਉਂਕਿ ਇਹ ਇੱਕ ਪੀ ਡੀ ਐੱਫ਼ ਦਸਤਾਵੇਜ਼ ਹੈ, ਇਸ ਨੂੰ ਲਾਜ਼ਮੀ ਪ੍ਰਿੰਟ ਕਰਨਾ ਪਵੇਗਾ ਅਤੇ ਇਸ ਦੇ ਉੱਤਰ ਦਾ ਕੇਵਲ ਤੁਹਾਨੂੰ ਹੀ ਪਤਾ ਹੋਏਗਾ। ਕਿਸੇ ਹੋਰ ਵੱਲੋਂ ਇਸ ਪ੍ਰਸ਼ਨਾਵਲੀ ਨੂੰ ਵੇਖੇ ਜਾਣ ਦਾ ਕੋਈ ਖ਼ਤਰਾ ਨਹੀਂ ਹੈ।

ਅਸੀਂ ਤੁਹਾਨੂੰ ਪ੍ਰਸ਼ਨਾਂ ਦੇ ਇਸ ਲੜੀ (ਸੈੱਟ) ਨਾਲ ਸ਼ੁਰੂਆਤ ਕਰਨ ਦੀ ਸਲਾਹ ਦਿੰਦੇ ਹਾਂ। ਇਹ ਪ੍ਰਸ਼ਨ ਤੁਹਾਨੂੰ ਇਸ ਗੱਲ ਦਾ ਪਤਾ ਲਾਉਣ ਵਿੱਚ ਮਦਦ ਕਰਨਗੇ ਕਿ ਤੁਹਾਨੂੰ ਆਪਣੇ ਬੱਚੇ ਦੇ ਵਿਕਾਸ ਸਬੰਧੀ ਖ਼ਦਸ਼ਿਆਂ ਜਾਂ ਚਿੰਤਾਵਾਂ ਬਾਰੇ ਹੋਰ ਵਿਸ਼ੇਸ਼ ਜਾਣਕਾਰੀ ਦਾ ਪਤਾ ਕਰਨ ਦੀ ਲੋੜ ਤਾਂ ਨਹੀਂ।

**ਕ੍ਰਿਪਾ ਕਰਕੇ ਇਹ ਧਿਆਨ ਵਿੱਚ ਰੱਖੋ ਕਿ ਇਹ ਪ੍ਰਸ਼ਨਾਵਲੀ ਤੁਹਾਡੇ ਬੱਚੇ ਦੀਆਂ ਯੋਗਤਾਵਾਂ ਦੀ ਕਸੌਟੀ ਨਹੀਂ ਹੈ।**

Please note that this questionnaire is NOT a test of your child's abilities)

ਇਸ ਦਾ ਮੰਤਵ ਇੱਕ ਸੇਧ ਵੱਜੋਂ ਵਰਤੇ ਜਾਣਾ ਹੈ ਜਿਸ ਨਾਲ ਤੁਹਾਨੂੰ ਇਹ ਨਿਰਧਾਰਤ ਕਰਨ ਵਿੱਚ ਮਦਦ ਮਿਲੇਗੀ ਕਿ ਤੁਹਾਡਾ ਬੱਚਾ ਆਦਰਸ਼ਕ ਢੰਗ ਨਾਲ ਵਿਕਾਸ ਕਰ ਰਿਹਾ ਹੈ ਕਿ ਨਹੀਂ।

ਇਹ ਪ੍ਰਸ਼ਨਾਵਲੀ ਪੇਸ਼ਾਵਰਾਂ ਦੀ ਥਾਂ ਨਹੀਂ ਲੈਂਦੀ ਜਿਵੇਂ ਕਿ ਬੱਚਿਆਂ ਦੇ ਮਨੋਵਿਗਿਆਨੀ, ਫ਼ਿਜ਼ਿਉਥੇਰੇਪਿਸਟ, ਆਕੂਪੇਸ਼ਨਲ ਥੇਰੇਪਿਸਟ, ਵਾਕ ਸ਼ਕਤੀ ਅਤੇ ਭਾਸ਼ਾ ਰੋਗ ਵਿਗਿਆਨੀ, ਮੁਢਲੇ ਬਚਪਨ ਦੇ ਅਧਿਆਪਕ ਜਾਂ ਡਾਕਟਰ। ਜੇਕਰ ਤੁਹਾਨੂੰ ਆਪਣੇ ਬੱਚੇ ਦੇ ਵਿਕਾਸ ਸਬੰਧੀ ਚਿੰਤਾ ਹੈ, ਤਾਂ ਅਸੀਂ ਤੁਹਾਨੂੰ ,ਜਿੰਨੀ ਜਲਦੀ ਹੋ ਸਕੇ,ਪੇਸ਼ਾਵਾਰਾ ਦੀ ਮਦਦ ਲੈਣ ਦੀ ਸਲਾਹ ਦਿੰਦੇ ਹਾਂ।ਇਹ ਵੈੱਬਸਾਈਟ ਤੁਹਾਨੂੰ ਵੱਖ ਵੱਖ ਏਜੰਸੀਆਂ ਅਤੇ ਵਸੀਲਿਆਂ ਬਾਰੇ ਜਾਣਕਾਰੀ ਦਿੰਦੀ ਹੈ ਜਿੱਥੇ ਤੁਸੀਂ ਆਪਣੇ ਭਾਈਚਾਰੇ ਵਿੱਚ ਮਦਦ ਲਈ ਜਾ ਸਕਦੇ ਹੋ।

## ਸੈਕਸ਼ਨ ਸਬੰਧੀ ਨਿਰਦੇਸ਼ (Section instructions)

- ਇਸ ਸੈਕਸ਼ਨ ਵਿੱਚ ਤੁਹਾਡੇ ਬੱਚੇ ਦੇ ਵਿਕਾਸ ਦੇ ਵੱਖ ਵੱਖ ਪਹਿਲੂਆਂ, ਜਿਨ੍ਹਾਂ ਪ੍ਰਤੀ ਤੁਹਾਨੂੰ ਚਿੰਤਾ ਹੋ ਸਕਦੀ ਹੈ, ਬਾਰੇ **ਸਧਾਰਣ** ਕਥਨ ਸ਼ਾਮਲ ਹਨ।
- ਉਦਾਹਰਣ ਦੇ ਤੌਰ ਤੇ, ਹੋ ਸਕਦਾ ਹੈ ਤੁਹਾਨੂੰ ਪਤਾ ਲੱਗੇ ਕਿ ਕਿਸੇ ਇੱਕ ਖੇਤਰ ਵਿੱਚ, ਜਿਵੇਂ ਕਿ ਸੰਚਾਲਕ ਕੁਸ਼ਲਤਾ, ਆਪਣੇ ਬੱਚੇ ਦੇ ਵਿਕਾਸ ਦੇ ਕੁਝ ਪਹਿਲੂਆਂ ਬਾਰੇ ਤੁਸੀਂ ਬਹੁਤ ਜ਼ਿਆਦਾ ਚਿੰਤਤ ਹੋ। ਉਸ ਦੇ ਨਾਲ ਨਾਲ, ਤੁਹਾਨੂੰ ਆਪਣੇ ਬੱਚੇ ਦੀ ਭਾਸ਼ਾ ਨਿਪੁੰਨਤਾ ਸਬੰਧੀ ਥੋੜ੍ਹੀ ਜਿੰਨੀ (ਜਾਂ ਜ਼ਰਾ ਕੁ) ਚਿੰਤਾ ਹੋ ਸਕਦੀ ਹੈ, ਅਤੇ ਇਹ ਕਿ ਆਪਣੇ ਬੱਚੇ ਦੇ ਭਾਵਨਾਤਮਕ ਵਿਕਾਸ ਬਾਰੇ ਤੁਹਾਨੂੰ ਕੋਈ ਚਿੰਤਾ ਨਾ ਹੋਵੇ।
- ਕ੍ਰਿਪਾ ਕਰਕੇ ਹਰ ਇੱਕ ਚੀਜ਼ ਲਈ ਕਿਸੇ ਇੱਕ ਡੱਬੇ ਵਿੱਚ ਨਿਸ਼ਾਨ ਲਾਉ। ਜਿਵੇਂ ਜਿਵੇਂ ਤੁਸੀਂ ਇਸ ਸੈਕਸ਼ਨ ਨੂੰ ਪੜ੍ਹਦੇ ਹੋ, ਉਨ੍ਹਾਂ ਸਾਰੀਆਂ ਚੀਜ਼ਾਂ ਤੇ ਨਿਸ਼ਾਨ ਲਾਉ ਜਿਹੜੀਆਂ ਤੁਹਾਡੇ ਤੇ ਢੁਕਦੀਆਂ ਹਨ।

## ਸੈਕਸ਼ਨ ੳ. ਸੰਚਾਲਕ: ਕਿੰਡਰਗਾਰਟਨ ਦਾ ਸਮਾਪਨ

SECTION A Motor: :End of Kindergarten)

## ਸੈਕਸ਼ਨ ਦਾ ਵੇਰਵਾ) (Section description)

- ਹੇਠ ਦਿੱਤੇ ਪ੍ਰਸ਼ਨ ਤੁਹਾਡੇ ਬੱਚੇ ਦੀ ਸੰਚਾਲਕ ਕੁਸ਼ਲਤਾ ਨਾਲ ਸਬੰਧ ਰੱਖਦੇ ਹਨ। ਮੁਹਾਰਤਾਂ ਤਰਤੀਬ ਬਾਰ ਦਿੱਤੀਆਂ ਗਈਆਂ ਹਨ, ਉਧਾਹਰਣ ਦੇ ਤੌਰ ਤੇ, ਜੋ ਚੀਜ਼ "ਦੌੜਨਾਂ" ਦਾ ਵਰਣਨ ਕਰਦੀ ਹੈ, ਉਹ ਸੂਚੀ ਵਿੱਚ "ਟੱਪਣਾਂ" ਤੋਂ ਪਹਿਲਾਂ ਦਿੱਤੀ ਗਈ ਹੈ।
- ਇਸ ਸੈਕਸ਼ਨ ਵਿੱਚ, ਤੁਹਾਡੇ ਬੱਚੇ ਦੀ ਸੰਚਾਲਕ ਕੁਸ਼ਲਤਾ ਸਬੰਧੀ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ਹੈ, ਭਾਵ, ਤੁਹਾਡੇ ਬੱਚੇ ਦੀ ਆਪਣੇ ਹੱਥਾਂ ਦੀ ਵਰਤੋਂ ਕਰ ਸਕਣ, ਘੁੰਮ ਫ਼ਿਰ ਸਕਣ ਅਤੇ ਜਿੰਨਾ ਉਸਦੀ ਉਮਰ ਇਜਾਜ਼ਤ ਦਿੰਦੀ ਹੈ, ਉਨਾ ਸਵੈ ਨਿਰਭਰ ਹੋ ਸਕਣ ਦੀ ਯੋਗਤਾ।

## ਸੈਕਸ਼ਨ ਸਬੰਧੀ ਨਿਰਦੇਸ਼ (Section instructions).

- ਕ੍ਰਿਪਾ ਕਰਕੇ ਹਰ ਇੱਕ ਪ੍ਰਸ਼ਨ ਲਈ ਕਿਸੇ ਇੱਕ ਡੱਬੇ ਤੇ ਨਿਸ਼ਾਨ ਲਾ ਕੇ ਇਹ ਦੱਸੋ ਕਿ ਤੁਸੀਂ ਇਨ੍ਹਾਂ ਕਥਨਾਂ ਵਿੱਚੋਂ ਹਰ ਇੱਕ ਨਾਲ ਕਿੰਨਾ ਸਹਿਮਤ ਹੋ:

## ਸੈਕਸ਼ਨ ੳ1 ਸੰਚਾਲਕ: ਸੂਖ਼ਮ: ਕਿੰਡਰਗਾਰਟਨ ਦਾ ਸਮਾਪਨ

SECTION A1: MOTOR: FINE: END OF KINDERGARTEN

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ ਬੱਚਾ

| | ਬਹੁਤ ਜ਼ਿਆਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 1. ਇੱਕ ਪੈਨਸਿਲ ਠੀਕ ਢੰਗ ਨਾਲ ਨਹੀਂ ਫੜ ਸਕਦਾ (ਭਾਵ, ਟਰਾਈਪੌਡ ਪੋਜ਼ੀਸ਼ਨ ਦੀ ਵਰਤੋਂ ਕਰ ਕੇ) | | | | | | |
| 2. ਕੈਂਚੀ ਨਾਲ ਸਧਾਰਣ ਆਕਾਰ ਨਹੀਂ ਕੱਟ ਸਕਦਾ (ਮਿਸਾਲ ਦੇ ਤੌਰ ਤੇ, ਇੱਕ ਗੋਲਾ) | | | | | | |
| 3. ਆਸਾਨੀ ਨਾਲ ਸ਼ਬਦ ਅਤੇ/ਜਾਂ ਅੱਖਰਾਂ ਦੀ ਨਕਲ ਨਹੀਂ ਕਰ ਸਕਦਾ | | | | | | |
| 4. ਸ਼ਬਦ ਇਹੋ ਜਹੇ ਨਹੀਂ ਲਿਖ ਸਕਦਾ ਜਿਨ੍ਹਾਂ ਨੂੰ ਕੋਈ ਹੋਰ ਪੜ੍ਹ ਸਕੇ | | | | | | |
| 5. ਰੰਗ ਕਰਨ ਵਾਲਾ ਬੁਰਸ਼ ਠੀਕ ਢੰਗ ਨਾਲ ਨਹੀਂ ਫੜ ਸਕਦਾ (ਭਾਵ, ਟਰਾਈਪੌਡ ਪੋਜ਼ੀਸ਼ਨ ਦੀ ਵਰਤੋਂ ਕਰ ਕੇ) | | | | | | |
| 6. ਕਿਸੇ ਵੀ ਚਿਤਰ ਵਿੱਚ ਰੰਗ ਭਰਦੇ ਹੋਏ ਉਸ ਦੀਆਂ ਲਕੀ਼ਰਾਂ ਦੇ ਅੰਦਰ ਨਹੀਂ ਰਹਿ ਸਕਦਾ/ਦੀ | | | | | | |
| 7. ਲਿਖਣ ਵੇਲੇ ਚੰਗੀ ਮੁਦਰਾ ਵਿੱਚ ਨਹੀਂ ਰਹਿੰਦਾ | | | | | | |
| 8. ਲੈਗੋ, ਬਲਾਕਾਂ, ਡੱਬਿਆਂ ਅਤੇ ਕਨਟੇਨਰਾਂ ਨਾਲ ਖੇਡਦਾ ਨਹੀਂ (ਮਿਸਾਲ ਦੇ ਤੌਰ ਤੇ, ਤਿੰਨ ਆਯਾਮੀ ਆਕਾਰ ਬਣਾਉਣਾ) | | | | | | |
| 9. ਡੋ ਜਾਂ ਕਲੇਅ ਨਾਲ ਨਹੀਂ ਖੇਡਦਾ | | | | | | |
| 10. ਵੱਡੇ ਬਟਨ ਬੰਦ ਨਹੀਂ ਕਰ ਸਕਦਾ | | | | | | |
| 11. ਸਨੈਪ ਨਹੀਂ ਬੰਨ੍ਹ ਸਕਦਾ | | | | | | |

## ਸੈਕਸ਼ਨ ੳ2 ਸੰਚਾਲਕ: ਸਥੂਲ: ਕਿੰਡਰਗਾਰਟਨ ਦਾ ਸਮਾਪਨ

**SECTION A2: MOTOR: GROSS**: END OF KINDERGARTEN)

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ ਬੱਚਾ

| | ਬਹੁਤ ਜ਼ਿਆਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 12. ਜਦੋਂ ਤੁਰਦਾ/ਦੀ ਹੈ ਤਾਂ ਤਾਲਮੇਲ ਬਣਾ ਕੇ ਨਹੀਂ ਰੱਖ ਸਕਦਾ/ਦੀ | | | | | | |
| 13. ਚੰਗੀ ਤਰ੍ਹਾਂ ਦੌੜਦਾ/ਦੀ ਨਹੀਂ | | | | | | |
| 14. ਦੌੜਦੇ ਸਮੇਂ ਰੁਕਾਵਟਾਂ ਤੋਂ ਬਚਾਅ ਨਹੀਂ ਕਰਦਾ/ਦੀ | | | | | | |
| 15. ਅਗਾਂਹ ਨੂੰ ਟਪੂਸੀ ਨਹੀਂ ਮਾਰਦਾ/ਦੀ | | | | | | |
| 16. ਛਲਾਂਗ ਨਹੀਂ ਮਾਰਦਾ/ਦੀ | | | | | | |
| 17. ਛੜੱਪਾ ਨਹੀਂ ਮਾਰਦਾ/ਦੀ | | | | | | |
| 18. ਵੱਡੀ ਸਾਰੀ ਗੇਂਦ ਨੂੰ ਠੁੱਡਾ ਨਹੀਂ ਮਾਰਦਾ/ਦੀ | | | | | | |
| 19. ਵੱਡੀ ਸਾਰੀ ਗੇਂਦ ਨੂੰ ਫੜਦਾ/ਦੀ ਨਹੀਂ | | | | | | |
| 20. ਵੱਡੀ ਸਾਰੀ ਗੇਂਦ ਨੂੰ ਸੁੱਟਦਾ/ਦੀ ਨਹੀਂ | | | | | | |
| 21. ਟ੍ਰੇਨਿੰਗ ਪਹੀਆਂ ਵਾਲੀ ਸਾਈਕਲ ਤੇ ਸਵਾਰੀ ਨਹੀਂ ਕਰਦਾ/ਦੀ | | | | | | |
| 22. ਬਹੁਤ ਸਾਰੀ ਸ਼ਕਤੀ ਵਾਲਾ ਨਹੀਂ ਜਾਪਦਾ/ਦੀ | | | | | | |

## ਸੈਕਸ਼ਨ ਅ. ਸਮਾਜਕ/ਭਾਵਨਾਤਮਕ): ਕਿੰਡਰਗਾਰਟਨ ਦਾ ਸਮਾਪਨ

SECTION B. SOCIAL/EMOTIONAL: END OF KINDERGARTEN

## ਸੈਕਸ਼ਨ ਦਾ ਵੇਰਵਾ (Section description)

- ਹੇਠ ਦਿੱਤੇ ਕਥਨ ਤੁਹਾਡੇ ਬੱਚੇ ਦੇ ਸਮਾਜਕ ਅਤੇ ਭਾਵਨਾਤਮਕ ਗੁਣਾਂ ਨਾਲ ਸਬੰਧਤ ਹਨ।
- ਸਮਾਜਕ ਗੁਣਾਂ ਵਾਲੇ ਸੈਕਸ਼ਨ ਵਿੱਚ, ਤੁਹਾਡੇ ਬੱਚੇ ਦੇ ਸਮਾਜਕ ਗੁਣਾਂ ਬਾਰੇ ਵਿਸ਼ੇਸ਼ ਜਾਣਕਾਰੀ ਹੈ, ਭਾਵ ਜਿਸ ਢੰਗ ਨਾਲ ਤੁਹਾਡਾ ਬੱਚਾ ਦੂਜਿਆਂ ਨਾਲ ਸਬੰਧ ਬਣਾਉਂਦਾ ਹੈ ਅਤੇ ਉਨ੍ਹਾਂ ਨਾਲ ਸਮਾਜਕ ਤੌਰ ਤੇ ਪ੍ਰਵਾਨਤ ਤਰੀਕਿਆਂ ਨਾਲ ਗੱਲ ਬਾਤ ਕਰਦਾ ਹੈ।
- ਭਾਵਨਾਤਮਕ ਗੁਣਾਂ ਵਾਲੇ ਸੈਕਸ਼ਨ ਵਿੱਚ, ਤੁਹਾਡੇ ਬੱਚੇ ਦੇ ਸਮਾਜਕ ਗੁਣਾਂ ਬਾਰੇ ਵਿਸ਼ੇਸ਼ ਜਾਣਕਾਰੀ ਹੈ, ਉਦਾਹਰਣ ਦੇ ਤੌਰ ਤੇ, ਤੁਹਾਡਾ ਬੱਚਾ ਆਪਣੀਆਂ ਭਾਵਨਾਵਾਂ ਕਿਵੇਂ ਪ੍ਰਗਟ ਕਰਦਾ ਹੈ।
- ਚੇਤਾਵਨੀ ਚਿੰਨ੍ਹਾਂ/ਲਾਲ ਝੰਡੀਆਂ ਵਾਲੇ ਸੈਕਸ਼ਨ ਵਿੱਚ ਉਨ੍ਹਾਂ ਵਤੀਰਿਆਂ ਬਾਰੇ ਵਿਸ਼ੇਸ਼ ਜਾਣਕਾਰੀ ਹੈ ਜਿਨ੍ਹਾਂ ਬਾਰੇ ਖਾਸ ਚਿੰਤਾ ਹੋ ਸਕਦੀ ਹੈ, ਉਦਾਹਰਣ ਦੇ ਤੌਰ ਤੇ, ਮਾਰਨਾ ਜਾਂ ਚੱਕ ਵੱਢਣਾ ਜੋ ਅਕਸਰ ਜਾਂ ਲਗਾਤਾਰ ਵਾਪਰਦਾ ਹੈ, ਬਾਰੇ ਕਥਨ।

## ਸੈਕਸ਼ਨ ਸਬੰਧੀ ਨਿਰਦੇਸ਼ (Section instructions)

- ਕ੍ਰਿਪਾ ਕਰਕੇ ਹਰ ਇੱਕ ਕਥਨ ਲਈ ਕਿਸੇ ਇੱਕ ਡੱਬੇ ਤੇ ਨਿਸ਼ਾਨ ਲਾ ਕੇ ਇਹ ਦੱਸੋ ਕਿ ਤੁਸੀਂ ਇਨ੍ਹਾਂ ਕਥਨਾਂ ਵਿੱਚੋਂ ਹਰ ਇੱਕ ਨਾਲ ਕਿੰਨਾ ਸਹਿਮਤ ਹੋ:

## ਸੈਕਸ਼ਨ ਅ1. ਸਮਾਜਕ ਅਤੇ ਭਾਵਨਾਤਮਕ: ਸਮਾਜਕ ਵਿਕਾਸ

SECTION B1. SOCIL AND EMOTIONAL: SOCIAL DEVELOPMENT

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ/ਦੀ ਬੱਚਾ/ਚੀ

| | ਬਹੁਤ ਜ਼ਿਆਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 23. ਭੈਣ ਭਰਾਵਾਂ ਨਾਲ ਮਿਲ ਜੁਲ ਕੇ ਨਹੀਂ ਰਹਿੰਦਾ/ਦੀ | | | | | | |
| 24. ਸਕੂਲ ਵਿੱਚ ਦੋਸਤਾਂ ਮਿੱਤਰਾਂ ਨਾਲ ਮਿਲ ਜੁਲ ਕੇ ਨਹੀਂ ਰਹਿੰਦਾ/ਦੀ | | | | | | |
| 25. ਸਕੂਲ ਤੋਂ ਬਾਹਰ ਦੋਸਤਾਂ ਮਿੱਤਰਾਂ ਨਾਲ ਮਿਲ ਜੁਲ ਕੇ ਨਹੀਂ ਰਹਿੰਦਾ/ਦੀ | | | | | | |
| 26. ਕਿਸੇ ਨਾਲ ਅਸਹਿਮਤ ਹੋਣ ਤੇ ਸਮਝੌਤੇ ਵਾਲੀ ਗੱਲ ਬਾਤ ਕਰਨਾ ਨਹੀਂ ਜਾਣਦਾ/ਦੀ | | | | | | |
| 27. ਆਪਣੀ ਵਾਰੀ ਦੀ ਉਡੀਕ ਨਹੀਂ ਕਰਦਾ/ਦੀ | | | | | | |
| 28. ਲੋੜ ਪੈਣ ਤੇ ਮਦਦ ਨਹੀਂ ਮੰਗਦਾ/ਦੀ | | | | | | |

## ਸੈਕਸ਼ਨ ਅ2. ਸਮਾਜਕ ਅਤੇ ਭਾਵਨਾਤਮਕ: ਭਾਵਨਾਤਮਕ ਵਿਕਾਸ

**SECTION B2: SOCIAL AND EMOTIONAL:EMOTIONAL DEVELOPMENT**

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ/ਦੀ ਬੱਚਾ/ਚੀ

| | ਬਹੁਤ ਜ਼ਿਆਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 29. ਆਪਣੇ ਬਾਰੇ ਚੰਗੀਆਂ (ਸਕਾਰਾਤਮਕ) ਗੱਲਾਂ ਨਹੀਂ ਆਖਦਾ/ਦੀ | | | | | | |
| 30. ਧਿਆਨ ਦਿੰਦਾ/ਦੀ ਨਹੀਂ ਜਾਪਦਾ/ਦੀ | | | | | | |
| 31. ਆਪਣੇ ਆਪ ਗੁੱਸਾ ਠੰਡਾ ਕਰ ਸਕਣ ਦੇ ਯੋਗ ਨਹੀਂ | | | | | | |
| 32. ਮੁਸ਼ਕਲ ਹਾਲਾਤ ਨਾਲ ਨਹੀਂ ਨਜਿੱਠ ਸਕਦਾ/ਦੀ | | | | | | |
| 33. ਆਪਣੀਆਂ ਭਾਵਨਾਵਾਂ ਦੀ ਪਛਾਣ ਜਾਂ ਲੇਬਲ ਨਹੀਂ ਕਰ ਸਕਦਾ/ਦੀ | | | | | | |
| 34. ਜ਼ਿਆਦਾ ਕੋਸ਼ਿਸ਼ ਨਹੀਂ ਕਰਦਾ/ਦੀ ਅਤੇ ਆਸਾਨੀ ਨਾਲ ਹਾਰ ਮੰਨ ਲੈਣ ਦੀ ਰੁਚੀ ਰੱਖਦਾ/ਦੀ ਹੈ | | | | | | |
| 35. ਆਪਣੇ ਆਪ ਤੇ ਭਰੋਸਾ ਨਹੀਂ ਰੱਖਦਾ/ਦੀ ਅਤੇ ਦੂਸਰਿਆਂ ਤੇ ਕਾਫ਼ੀ ਨਿਰਭਰ ਜਾਪਦਾ/ਦੀ ਹੈ | | | | | | |
| 36. ਜੇ ਉਸ ਦੇ ਰੁਟੀਨ (ਰੋਜ਼ ਦੇ ਕੰਮੀ) ਵਿੱਚ ਕੋਈ ਤਬਦੀਲੀ ਹੋ ਜਾਵੇ ਤਾਂ ਚੰਗੀ ਤਰ੍ਹਾਂ ਕੰਮ ਨਹੀਂ ਕਰ ਸਕਦਾ/ਦੀ | | | | | | |
| 37. ਮਦਦ ਨਹੀਂ ਮੰਗਦਾ/ਦੀ ਭਾਵੇਂ ਉਸ ਨੂੰ ਇਸ ਦੀ ਲੋੜ ਵੀ ਹੋਵੇ | | | | | | |

## ਸੈਕਸ਼ਨ ਅ3. ਸਮਾਜਕ/ਭਾਵਨਾਤਮਕ: ਚੇਤਾਵਨੀ ਚਿੰਨ੍ਹ/ਲਾਲ ਝੰਡੀਆਂ: ਕਿੰਡਰਗਾਰਟਨ ਦਾ ਸਮਾਪਨ

SECTION B3: SOCIAL/EMOTIONAL: WARNING SIGNS/RED FLAGS: END OF KINDERGARTEN

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ/ਦੀ ਬੱਚਾ/ਚੀ

| | ਬਹੁਤ ਜ਼ਿਆਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 38. ਬਹੁਤ ਗ਼ੈਰ-ਮਿਲਣਸਾਰ (ਨਾ-ਮਿਲਨਸਾਰ) ਹੈ | | | | | | |
| 39. ਬਹੁਤ ਜ਼ਿਆਦਾ ਸ਼ਰਮੀਲਾ/ਲੀ ਹੈ (ਮਿਸਾਲ ਦੇ ਤੌਰ ਤੇ, ਸਮਾਜਕ ਸਥਿਤੀਆਂ ਨਾਲ ਸੰਘਰਸ਼ ਕਰਦਾ/ਦੀ ਹੈ) | | | | | | |
| 40. ਦੂਜਿਆਂ ਨੂੰ ਠੁੱਡੇ ਮਾਰਦਾ/ਦੀ/ ਚੱਕ ਵੱਢਦਾ/ਦੀ ਹੈ | | | | | | |
| 41. ਉਸ ਦੇ ਕੋਈ ਦੋਸਤ ਨਹੀਂ ਜਾਪਦੇ | | | | | | |
| 42. ਚੀਜ਼ਾਂ ਦੀ ਭੰਨ-ਤੋੜ ਕਰਦਾ/ਦੀ ਹੈ | | | | | | |
| 43. ਬੜੀ ਛੇਤੀ ਘਬਰਾ ਜਾਂਦਾ/ਦੀ ਹੈ | | | | | | |
| 44. ਹਮੇਸ਼ਾ “ਚੱਲ ਸੋ ਚੱਲ” ਵਿੱਚ ਰਹਿੰਦਾ/ਦੀ ਹੈ | | | | | | |
| 45. ਆਪਣੀ ਵਾਰੀ ਲੈਣਾ ਪਸੰਦ ਨਹੀਂ ਕਰਦਾ/ਦੀ | | | | | | |
| 46. ਹਿੱਸਾ ਵੰਡਣਾ ਪਸੰਦ ਨਹੀਂ ਕਰਦਾ/ਦੀ | | | | | | |
| 47. ਹਰ ਵੇਲੇ ਥੱਕਿਆ-ਥੱਕਿਆ ਜਾਪਦਾ/ਦੀ ਹੈ | | | | | | |
| 48. ਭੁਲਦਾ ਬਹੁਤ ਹੈ (ਬੈਠਣ ਵੇਲੇ ਆਕੜਿਆ-ਆਕੜਿਆ ਜਾਪਦਾ/ਦੀ ਹੈ) | | | | | | |

| | | | | | | |
|---|---|---|---|---|---|---|
| 49. ਕਾਫ਼ੀ ਕੁਚੱਜਾ/ਜੀ ਨਜ਼ਰ ਆਉਂਦਾ/ਦੀ ਹੈ | | | | | | |
| 50. ਸਕੂਲ ਵਿੱਚ ਕਿਸੇ ਵੱਲੋਂ ਧਮਕਾਇਆ ਜਾ ਰਿਹਾ/ਹੀ ਹੈ | | | | | | |
| 51. ਜਿਨ੍ਹਾਂ ਲੋਕਾਂ ਨੂੰ ਉਹ ਜਾਣਦਾ/ਦੀ ਹੈ ਅਤੇ ਜਿਨਾਂ ਨੂੰ ਨਹੀਂ ਜਾਣਦਾ/ਦੀ,ਨਾਲ ਬਰਾਬਰ ਦਾ ਦੋਸਤਾਨਾ ਵਰਤਾਉ ਕਰਦਾ/ਦੀ ਹੈ | | | | | | |
| 52. ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਨਹੀਂ ਤੱਕਦਾ/ਦੀ | | | | | | |
| 53. ਲੋਕਾਂ ਸਾਮ੍ਹਣੇ ਡਰਾਮੇ ਕਰਦਾ/ਦੀ ਹੈ | | | | | | |
| 54. ਆਪਣੇ ਆਪ ਨੂੰ ਨੁਕਸਾਨ ਪੁਚਾਉਂਦਾ/ਦੀ ਹੈ (ਮਿਸਾਲ ਦੇ ਤੌਰ ਤੇ, ਖ਼ੁਦ ਨੂੰ ਨਹੁੰਦਰਾਂ ਮਾਰ ਲੈਂਦਾ/ਦੀ ਹੈ, ਦੰਦੀਆਂ ਵੱਢ ਲੈਂਦਾ/ਦੀ ਹੈ) | | | | | | |
| 55. ਛੇਤੀ ਹੀਂ ਫ਼ਿਕਰਮੰਦ ਹੋ ਜਾਂਦਾ/ਦੀ ਹੈ | | | | | | |
| 56. ਮੂੰਹ ਵਿੱਚ ਬਹੁਤ ਸਾਰਾ ਖਾਣਾ ਪਾ ਲੈਂਦਾ/ਦੀ ਹੈ | | | | | | |
| 57. ਉਹ ਚੀਜ਼ਾਂ ਖਾ ਜਾਂਦਾ/ਦੀ ਹੈ ਜਿਹੜੀਆਂ ਭੋਜਨ ਨਹੀਂ | | | | | | |

## ਸੈਕਸ਼ਨ ੲ. ਬੌਧਿਕ/ਸੰਗਿਆਨਾਤਮਕ: ਕਿੰਡਰਗਾਰਟਨ ਦਾ ਸਮਾਪਨ

SECTION C: INTELLECTUAL/COGNITIVE: END OF KKINDERGARTEN

### ਸੈਕਸ਼ਨ ਦਾ ਵੇਰਵਾ (Section instructions)

### ਹੇਠ ਦਿੱਤੇ ਪ੍ਰਸ਼ਨ ਤੁਹਾਡੇ ਬੱਚੇ/ਚੀ ਦੀ ਬੌਧਿਕ/ਸੰਗਿਆਨਾਤਮਕ ਕੁਸ਼ਲਤਾ ਨਾਲ ਸਬੰਧ ਰੱਖਦੇ ਹਨ।

The following questions relate to your child's intellectual/cognitive skills

- ਇਸ ਸੈਕਸ਼ਨ ਵਿੱਚ ਇਸ ਬਾਰੇ ਜਾਣਕਾਰੀ ਦਿੱਤੀ ਹੈ ਕਿ ਤੁਹਾਡਾ ਬੱਚਾ/ਚੀ ਆਪਣੇ ਆਲੇ ਦੁਆਲੇ ਦੀ ਦੁਨੀਆ ਨਾਲ ਕਿਵੇਂ ਵਿਹਾਰ ਕਰਦਾ/ਦੀ ਹੈ, ਕਿੰਨੀ ਚੰਗੀ ਤਰ੍ਹਾਂ ਉਹ ਸਮੱਸਿਆਵਾਂ ਨੂੰ ਹੱਲ ਕਰਨ ਦੇ ਯੋਗ ਹੈ ਅਤੇ ਕਿੰਨੀ ਚੰਗੀ ਤਰ੍ਹਾਂ ਉਹ ਬੁਨਿਆਦੀ ਜਾਣਕਾਰੀ ਨੂੰ ਸਮਝਣ ਅਤੇ ਪ੍ਰਗਟ ਕਰਨ ਦੇ ਯੋਗ ਹੈ ਜਿਵੇਂ ਕਿ ਰੰਗ ਅਤੇ ਸ਼ਕਲ (ਆਕਾਰ)।

### ਸੈਕਸ਼ਨ ਸਬੰਧੀ ਨਿਰਦੇਸ਼ (Section description)

- ਕ੍ਰਿਪਾ ਕਰਕੇ ਹਰ ਇੱਕ ਪ੍ਰਸ਼ਨ ਲਈ ਕਿਸੇ ਇੱਕ ਡੱਬੇ ਤੇ ਨਿਸ਼ਾਨ ਲਾ ਕੇ ਇਹ ਦੱਸੋ ਕਿ ਤੁਸੀਂ ਇਨ੍ਹਾਂ ਕਥਨਾਂ ਵਿੱਚੋਂ ਹਰ ਇੱਕ ਨਾਲ ਕਿੰਨਾ ਸਹਿਮਤ ਹੋ:

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5–6 ਸਾਲ ਦੀ ਉਮਰ) ਦਾ/ਦੀ ਬੱਚਾ/ਚੀ

| | ਬਹੁਤ ਜ਼ਿਆਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 58. ਇੰਜ ਦਰਸਾਉਂਦਾ/ਦੀ ਹੈ ਕਿ ਚੀਜ਼ ਕੁਝ ਹੋਰ ਹੈ (ਮਿਸਾਲ ਦੇ ਤੌਰ ਤੇ, ਪੈਨਸਿਲ ਕੰਘੀ ਹੈ) | | | | | | |
| 59. ਇੰਜਾਂ ਦਰਸਾਉਂਦਾ/ਦੀ ਹੈ ਕਿ ਉਹ ਕੋਈ ਹੋਰ ਹੈ (ਮਿਸਾਲ ਦੇ ਤੌਰ ਤੇ, ਕੋਈ ਜਾਨਵਰ) | | | | | | |
| 60. ਅੱਜ, ਆਉਣ ਵਾਲੇ ਕੱਲ੍ਹ ਅਤੇ ਬੀਤ ਚੁੱਕੇ ਕੱਲ੍ਹ ਦਾ ਫ਼ਰਕ ਨਹੀਂ ਸਮਝਦਾ/ਦੀ | | | | | | |

| | | | | | | |
|---|---|---|---|---|---|---|
| 61. ਨਹੀਂ ਦਸਦਾ/ਦੀ ਕਿ ਕਿਸੇ ਲੜੀ ਵਿੱਚ ਕਿਹੜੀ ਘਟਨਾ ਸਭ ਤੋਂ ਪਹਿਲਾਂ ਵਾਪਰੀ | | | | | | |
| 62. ਇੱਕ ਕਹਾਣੀ ਦੇ ਬੁਨਿਆਦੀ ਹਿੱਸੇ ਦੁਬਾਰਾ ਨਹੀਂ ਦੱਸਦਾ/ਦੀ | | | | | | |
| 63. ਕਹਾਣੀ ਨਹੀਂ ਘੜਦਾ/ਦੀ | | | | | | |
| 64. ਜਗਾ (ਸਥਾਨ) ਸਬੰਧਤ ਸੰਕਲਪ ਨਹੀਂ ਸਮਝਦਾ/ਦੀ (ਮਿਸਾਲ ਦੇ ਤੌਰ ਤੇ, ਹੇਠਾਂ/ਉੱਪਰ, ਪਿੱਛੇ/ਅੱਗੇ…ਦਾ ਫਰਕ) | | | | | | |
| 65. ਗੁਣਾਤਮਕ ਸੰਕਲਪ ਨਹੀਂ ਸਮਝਦਾ/ਦੀ (ਮਿਸਾਲ ਦੇ ਤੌਰ ਤੇ, ਵੱਡਾ/ਛੋਟਾ, ਉੱਚਾ/ਨੀਵਾਂ…) | | | | | | |
| 66. ਮਾਤਰਾ ਸਬੰਧਤ ਸੰਕਲਪ ਨਹੀਂ ਸਮਝਦਾ/ਦੀ (ਮਿਸਾਲ ਦੇ ਤੌਰ ਤੇ, ਬਹੁਤ ਸਾਰਾ, ਥੋੜ੍ਹਾ ਜਿੰਨਾ, ਸਾਰਾ, ਬਿਲਕੁਲ ਨਹੀਂ…) | | | | | | |
| 67. ਬਹੁਤੇ ਰੰਗਾਂ ਨੂੰ ਨਹੀਂ ਪਛਾਣਦਾ/ਦੀ | | | | | | |
| 68. ਬਹੁਤੇ ਆਕਾਰਾਂ (ਛਕਲਾਂ) ਨੂੰ ਨਹੀਂ ਪਛਾਣਦਾ/ਦੀ (ਮਿਸਾਲ ਦੇ ਤੌਰ ਤੇ, ਗੋਲਾ, ਤਿਕੋਣ..) | | | | | | |
| 69. ਸਧਾਰਣ ਨਮੂਨੇ ਨੂੰ ਪਛਾਣਨਾ ਸ਼ੁਰੂ ਕਰ ਕੇ ਅੱਗੇ ਜਾਰੀ ਨਹੀਂ ਰੱਖਦਾ/ਦੀ (ਮਿਸਾਲ ਦੇ ਤੌਰ ਤੇ, ਨੀਲਾ, ਲਾਲ, ਨੀਲਾ, ਲਾਲ ਜਾਂ ਕੇਲਾ, ਸੇਬ, ਕੇਲਾ, ਸੇਬ) | | | | | | |
| 70. ਦੋ ਲੱਛਣਾਂ ਦੇ ਅਧਾਰ ਤੇ ਚੀਜ਼ਾਂ ਨੂੰ ਛਾਂਟਣਾ ਸ਼ੁਰੂ ਨਹੀਂ ਕਰਦਾ/ਦੀ (ਮਿਸਾਲ ਦੇ ਤੌਰ ਤੇ, ਨੀਲੀਆਂ ਤਿਕੋਣਾਂ ਨੂੰ ਅੱਡ ਕਰਨਾ ਜਾਂ ਹਰੇ ਸੇਬਾਂ ਨੂੰ ਅੱਡ ਕਰਨਾ) | | | | | | |
| 71. ਆਪਣੀ ਉਮਰ ਨਹੀਂ ਦੱਸ ਸਕਦਾ/ਦੀ | | | | | | |
| 72. ਨਹੀਂ ਦੱਸਦਾ/ਦੀ ਕਿ ਦੋ ਸਮੂਹਾਂ (ਗਰੁੱਪਾਂ) ਵਿੱਚੋਂ ਕਿਸ ਵਿੱਚ "ਜ਼ਿਆਦਾ" ਹੈ | | | | | | |
| 73. 20 ਤੱਕ ਗਿਣਤੀ ਨਹੀਂ ਕਰ ਸਕਦਾ/ਦੀ | | | | | | |
| 74. ਸਧਾਰਣ ਚੀਜ਼ਾਂ ਜੋੜਨਾ (ਜਮ੍ਹਾਂ) ਸ਼ੁਰੂ ਨਹੀਂ ਕਰ ਸਕਦਾ/ਦੀ (ਮਿਸਾਲ ਦੇ ਤੌਰ ਤੇ, ਜੇ ਮੇਰੇ ਕੋਲ 2 ਹਨ ਅਤੇ ਤੂੰ ਮੈਨੂੰ 1 ਦੇਵੇਂ, ਤਾਂ ਮੇਰੇ ਕੋਲ 3 ਹੋ ਜਾਣਗੀਆਂ) | | | | | | |
| 75. ਸਧਾਰਣ ਚੀਜ਼ਾਂ ਘਟਾਉਣਾ ਸ਼ੁਰੂ ਨਹੀਂ ਕਰ ਸਕਦਾ/ਦੀ (ਮਿਸਾਲ ਦੇ ਤੌਰ ਤੇ, ਜੇ ਮੇਰੇ ਕੋਲ 3 ਹਨ ਅਤੇ ਤੂੰ 1 ਲੈ ਲਵੇਂ, ਤਾਂ ਮੇਰੇ ਕੋਲ 2 ਰਹਿ ਜਾਣਗੀਆਂ) | | | | | | |
| 76. ਗੁੰਝਲਦਾਰ ਕ੍ਰਿਆਵਾਂ ਦੀ ਨਕਲ ਨਹੀਂ ਕਰ ਸਕਦਾ/ਦੀ (ਮਿਸਾਲ ਦੇ ਤੌਰ ਤੇ, ਦਾੜ੍ਹੀ ਬਣਾ (ਸ਼ੇਵ) ਰਿਹਾ ਪਿਤਾ ਜਾਂ ਆਪਣੇ ਵਾਲਾਂ ਨੂੰ ਬੁਰਸ਼ ਕਰ ਰਹੀ ਮਾਤਾ) | | | | | | |

## ਸੈਕਸ਼ਨ ਸ. ਸਾਖਰਤਾ (ਅੱਖਰ-ਬੋਧ): ਕਿੰਡਰਗਾਰਟਨ ਦਾ ਸਮਾਪਨ

SECTION D: LITERACY: END OF KINDERGARTEN

**ਸੈਕਸ਼ਨ ਦਾ ਵੇਰਵਾ** (Section description)

**ਹੇਠ ਦਿੱਤੇ ਪ੍ਰਸ਼ਨ ਤੁਹਾਡੇ ਬੱਚੇ/ਚੀ ਦੀ ਅਕਾਦਮਿਕ ਕੁਸ਼ਲਤਾ ਨਾਲ ਸਬੰਧ ਰੱਖਦੇ ਹਨ।**

The questions below relate to your child's academic skills

- ਇਸ ਸੈਕਸ਼ਨ ਵਿੱਚ ਤੁਹਾਡੇ ਬੱਚੇ/ਚੀ ਦੀ ਅਕਾਦਮਿਕ (ਵਿਦਿਅਕ) ਵਿਕਾਸ ਨਾਲ ਸਬੰਧਤ ਬੁਨਿਆਦੀ ਕੁਸ਼ਲਤਾ ਦਾ ਪ੍ਰਦਰਸ਼ਨ ਕਰ ਸਕਣ ਦੀ ਯੋਗਤਾ ਬਾਰੇ ਜਾਣਕਾਰੀ ਦਿੱਤੀ ਹੈ।

**ਸੈਕਸ਼ਨ ਸਬੰਧੀ ਨਿਰਦੇਸ਼ (Section description)**

- ਕ੍ਰਿਪਾ ਕਰਕੇ ਹਰ ਇੱਕ ਪ੍ਰਸ਼ਨ ਲਈ ਕਿਸੇ ਇੱਕ ਡੱਬੇ ਤੇ ਨਿਸ਼ਾਨ ਲਾ ਕੇ ਇਹ ਦੱਸੋ ਕਿ ਤੁਸੀਂ ਇਨ੍ਹਾਂ ਕਥਨਾਂ ਵਿੱਚੋਂ ਹਰ ਇੱਕ ਨਾਲ ਕਿੰਨਾ ਸਹਿਮਤ ਹੋ:

## ਸੈਕਸ਼ਨ ਸ1. ਸਾਖਰਤਾ: ਪੜ੍ਹਨਾ:ਕਿੰਡਰਗਾਰਟਨ ਦਾ ਸਮਾਪਨ

SECTION D1: LITERACY: READING: END OF KINDERGARTEN

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ/ਦੀ ਬੱਚਾ/ਚੀ

| | ਬਹੁਤ ਜ਼ਿਆਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 77. ਅੱਖਰਾਂ ਦੀਆਂ ਧੁਨੀਆਂ ਅਤੇ ਨਾਂ ਯਾਦ ਨਹੀਂ ਰੱਖਦਾ/ਦੀ | | | | | | |
| 78. ਧੁਨੀਆਂ ਨੂੰ ਰਲਾ ਕੇ ਸ਼ਬਦ ਨਹੀਂ ਬਣਾਉਂਦਾ/ਦੀ (ਮਿਸਾਲ ਦੇ ਤੌਰ ਤੇ,m-a-n ਤੋਂ man (ਮੈਨ) ਬਣਦਾ ਹੈ…) | | | | | | |
| 79. ਜ਼ਿਆਦਾਤਰ ਵੱਡੇ ਅੱਖਰਾ ਨੂੰ ਨਹੀਂ ਪਛਾਣਦਾ/ਦੀ | | | | | | |
| 80. ਜ਼ਿਆਦਾਤਰ ਛੋਟੇ ਅੱਖਰਾ ਨੂੰ ਨਹੀਂ ਪਛਾਣਦਾ/ਦੀ | | | | | | |
| 81. ਇਹ ਨਹੀਂ ਸਮਝਦਾ/ਦੀ ਕਿ ਅੱਖਰ ਵਿਸ਼ੇਸ ਧੁਨੀਆਂ ਅਤੇ ਧੁਨੀਆਂ ਦੇ ਸਿਲਸਿਲੇ ਨੂੰ ਦਰਸਾਉਂਦੇ ਹਨ | | | | | | |
| 82. ਇਹ ਨਹੀਂ ਦੱਸਦਾ/ਦੀ ਕਿ ਤਿੰਨਾਂ ਵਿੱਚੋਂ ਕਿਹੜੇ ਦੋ ਸ਼ਬਦਾਂ ਦਾ ਤੁਕਾਂਤ ਰਲਦਾ ਹੈ (ਮਿਸਾਲ ਦੇ ਤੌਰ ਤੇ, ਕਿਹੜੇ ਦੋ ਸ਼ਬਦਾਂ ਦਾ ਤੁਕਾਂਤ ਰਲਦਾ ਹੈ: man, hat, can (ਮੈਨ, ਹੈਟ, ਕੈਨ) ) | | | | | | |
| 83. ਉਹ ਸ਼ਬਦ ਨਹੀਂ ਬਣਾਉਂਦਾ/ਦੀ ਜਿਨ੍ਹਾਂ ਦਾ ਤੁਕਾਂਤ ਰਲਦਾ ਹੋਵੇ (ਮਿਸਾਲ ਦੇ ਤੌਰ ਤੇ, ਮੈਨ ਦਾ ਤੁਕਾਂਤ ਫੈਨ ਨਾਲ ਰਲਦਾ ਹੈ) | | | | | | |
| 84. ਇਹ ਨਹੀਂ ਦੱਸਦਾ/ਦੀ ਕਿ ਤਿੰਨਾਂ ਵਿੱਚੋਂ ਕਿਹੜੇ ਦੋ ਸ਼ਬਦ ਇੱਕੋ ਜਿਹੀ ਧੁਨੀ ਨਾਲ ਸ਼ੁਰੂ ਹੁੰਦੇ ਹਨ (ਮਿਸਾਲ ਦੇ ਤੌਰ ਤੇ, ਕਿਹੜੇ ਦੋ ਇੱਕੋ ਜਿਹੀ ਧੁਨੀ ਨਾਲ ਸ਼ੁਰੂ ਹੁੰਦੇ ਹਨ: ਕਾਰ, ਕੈਟ, ਬਾਰ ) | | | | | | |
| 85. ਉਹ ਸ਼ਬਦ ਨਹੀਂ ਬਣਾਉਂਦਾ/ਦੀ ਜਿਹੜੇ ਇੱਕੋ ਜਿਹੀ ਧੁਨੀ ਨਾਲ ਸ਼ੁਰੂ ਹੁੰਦੇ ਹਨ (ਮਿਸਾਲ ਦੇ ਤੌਰ ਤੇ, ਕੈਨ ਉਸੇ ਧੁਨੀ ਨਾਲ ਸ਼ੁਰੂ ਹੁੰਦਾ ਹੈ ਜਿਸ ਨਾਲ ਕਿ ਕਾਰ) | | | | | | |

| | | | | | | |
|---|---|---|---|---|---|---|
| 86. ਅਨੁਪ੍ਰਾਸ ਅਲੰਕਾਰ ਯੁਕਤ ਵਾਕ ਨਹੀਂ ਬਣਾਉਂਦਾ/ਦੀ (ਮਿਸਾਲ ਦੇ ਤੌਰ ਤੇ, ten toys tend to tip towards the tower) | | | | | | |
| 87. ਅੰਤਾਕਸ਼ਰੀ ਵਾਲੀਆ ਖੇਡਾਂ ਪਸੰਦ ਨਹੀਂ ਕਰਦਾ/ਦੀ (ਮਿਸਾਲ ਦੇ ਤੌਰ ਤੇ, ਪੂਲ, ਡਰੂਲ, ਸਟੂਲ) | | | | | | |
| 88. ਅਨੁਪ੍ਰਾਸ ਅਲੰਕਾਰ ਵਾਲੀਆ ਖੇਡਾਂ ਪਸੰਦ ਨਹੀਂ ਕਰਦਾ/ਦੀ (ਮਿਸਾਲ ਦੇ ਤੌਰ ਤੇ, ten toys tend to tip towards the tower) | | | | | | |
| 89. ਸਧਾਰਣ ਵਾਕਾਂ ਵਿਚਲੇ ਸ਼ਬਦ ਅੰਸ਼ਾਂ ਦੀ ਆਪਣੇ ਹੱਥਾਂ ਨਾਲ ਤਾੜੀ ਵਜਾ ਕੇ ਗਿਣਤੀ ਨਹੀਂ ਕਰਦਾ/ਦੀ (ਮਿਸਾਲ ਦੇ ਤੌਰ ਤੇ, ਟੋਰ–ਨਓ–ਦੋ ਲਈ ਤਿੰਨ ਤਾੜੀਆਂ) | | | | | | |
| 90. ਸ਼ਬਦ ਦੀ ਮੁਢਲੀ (ਪਹਿਲੀ) ਧੁਨੀ (ਆਵਾਜ਼) ਨੂੰ ਨਹੀਂ ਪਛਾਣਦਾ/ਦੀ (ਮਿਸਾਲ ਦੇ ਤੌਰ ਤੇ, "car" ਵਿੱਚ ਮੁਢਲੀ ਧੁਨੀ "k" ਹੈ) | | | | | | |
| 91. ਜੁੜਮੇ ਸ਼ਬਦ ਦਾ ਭਾਗ (ਹਿੱਸਾ) ਨਹੀਂ ਮਿਟਾਉਂਦਾ/ਦੀ (ਮਿਸਾਲ ਦੇ ਤੌਰ ਤੇ, "ਫੁਟਬਾਲ", "ਫੁਟ" ਤੋਂ ਬਿਨਾਂ "ਬਾਲ" ਹੈ) | | | | | | |
| 92. ਧੁਨੀ ਗ੍ਰਾਮਾਂ ਨੂੰ ਬਦਲ ਕੇ ਨਵੇਂ ਸ਼ਬਦ ਬਣਾਉਣਾ ਸ਼ੁਰੂ ਨਹੀਂ ਕਰਦਾ/ਦੀ (ਮਿਸਾਲ ਦੇ ਤੌਰ ਤੇ, ਬੇਕ ਵਿੱਚ "ਬ" ਨੂੰ "ਕ" ਵਿੱਚ ਬਦਲ ਕੇ "ਕੇਕ" ਬਣਾਉਣਾ) | | | | | | |
| 93. ਇਹ ਨਹੀਂ ਜਾਣਦਾ/ਦੀ ਕਿ ਤਿੰਨਾਂ ਵਿੱਚੋਂ ਕਿਹੜੇ ਸ਼ਬਦਾਂ ਦਾ ਤੁਕਾਂਤ ਆਪਸ ਵਿੱਚ ਨਹੀਂ ਰਲਦਾ (ਮਿਸਾਲ ਦੇ ਤੌਰ ਤੇ, ਫਲਾਈ ਦਾ ਤੁਕਾਂਤ ਬੇਕ ਅਤੇ ਲੇਕ ਨਾਲ ਨਹੀਂ ਰਲਦਾ) | | | | | | |
| 94. ਇਹ ਨਹੀਂ ਜਾਣਦਾ/ਦੀ ਕਿ ਤਿੰਨਾਂ ਵਿੱਚੋਂ ਕਿਹੜੇ ਸ਼ਬਦ ਦੂਜੇ ਸ਼ਬਦਾਂ ਵਰਗੀ ਧੁਨੀ ਨਾਲ ਸ਼ੁਰੂ ਨਹੀਂ ਹੁੰਦੇ (ਮਿਸਾਲ ਦੇ ਤੌਰ ਤੇ, ਟੌਏ ਧੁਨੀ ਨਾਲ ਸ਼ੁਰੂ ਨਹੀਂ ਹੁੰਦਾ ਜਿਸ ਨਾਲ ਕਿ ਬੌਆਏ ਅਤੇ ਬੇਕ) | | | | | | |
| 95. ਇਹ ਨਹੀਂ ਸਮਝਦਾ/ਦੀ ਕਿ ਛਪੀ ਹੋਈ ਚੀਜ਼ ਅਤੇ ਤਸਵੀਰ ਵੱਖੋ ਵੱਖਰੇ ਹੁੰਦੇ ਹਨ | | | | | | |
| 96. ਕਹਾਣੀਆਂ ਪੜ੍ਹ ਕੇ ਸੁਣਾਏ ਜਾਣ ਵਿੱਚ ਦਿਲਚਸਪੀ ਨਹੀਂ ਲੈਂਦਾ/ਦੀ | | | | | | |
| 97. ਇੱਕ ਕਹਾਣੀ ਦੇ ਬੁਨਿਆਦੀ ਹਿੱਸੇ ਦੁਬਾਰਾ ਨਹੀਂ ਦੱਸਦਾ/ਦੀ | | | | | | |
| 98. ਕਹਾਣੀ ਨਹੀਂ ਘੜਦਾ/ਦੀ | | | | | | |
| 99. "ਉਂਗਲ ਰੱਖ ਕੇ" ਨਹੀਂ ਪੜ੍ਹਦਾ/ਦੀ (ਭਾਵ ਜਦ ਪੜ੍ਹਨ ਦਾ ਦਖਾਵਾ ਕਰਦਾ ਹੈ, ਤਦ ਸ਼ਬਦਾਂ ਦੇ ਨਾਲ ਨਾਲ ਆਪਣੀ ਉਂਗਲ ਨਹੀਂ ਫੇਰਦਾ/ਦੀ) | | | | | | |
| 100. ਕੋਈ ਕਿਤਾਬ ਜਾਂ ਅਖ਼ਬਾਰ ਹੱਥ ਵਿੱਚ ਫੜ ਕੇ ਪੜ੍ਹਨ ਦੀ ਨਕਲ ਨਹੀਂ ਕਰਦਾ/ਦੀ (ਪੜਣ ਦਾ ਦਖਾਵਾ ਕਰਦਾ ਹੈ) | | | | | | |
| 101. ਛਾਪੇ ਬਾਰੇ ਬੁਨਿਆਦੀ ਜਾਣਕਾਰੀ ਨਹੀਂ ਰੱਖਦਾ/ਦੀ (ਮਿਸਾਲ ਦੇ ਤੌਰ ਤੇ, ਛਾਪੇ ਦੀ ਇੱਕ ਖ਼ਾਸ ਨਿਰਧਾਰਤ ਦਿਸ਼ਾ ਹੁੰਦੀ ਹੈ: ਖੱਬੇ/ਸੱਜੇ ਅਤੇ ਉਪਰ/ਹੇਠਾਂ) | | | | | | |
| 102. ਆਪਣਾ ਛਪਿਆ ਹੋਇਆ ਨਾਂ ਨਹੀਂ ਪਛਾਣਦਾ/ਦੀ | | | | | | |

## ਸੈਕਸ਼ਨ ਸ2. ਸਾਖਰਤਾ (ਅੱਖਰ–ਬੋਧ): ਲਿਖਣਾਂ:ਕਿੰਡਰਗਾਰਟਨ ਦਾ ਸਮਾਪਨ

SECTION D2: LITERACY: WRITING: END OF KINDERGARTEN

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ/ਦੀ ਬੱਚਾ/ਚੀ

| | ਬਹੁਤ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|

| | ਜ਼ਿਆਦਾ | | | | | |
|---|---|---|---|---|---|---|
| 103. ਅੱਖਰਾਂ ਵਿਚਲੀ ਦੂਰੀ ਸਹੀ ਨਹੀਂ ਰੱਖਦਾ/ਦੀ (ਮਿਸਾਲ ਦੇ ਤੌਰ ਤੇ, ਅੱਖਰ ਇੱਕ ਦੂਜੇ ਤੋਂ ਬਹੁਤ ਜ਼ਿਆਦਾ ਨੇੜੇ ਜਾਂ ਦੂਰ ਨਾ ਹੋਣ) | | | | | | |
| 104. ਸ਼ਬਦਾਂ ਵਿਚਲੀ ਦੂਰੀ ਸਹੀ ਨਹੀਂ ਰੱਖਦਾ/ਦੀ (ਮਿਸਾਲ ਦੇ ਤੌਰ ਤੇ, ਸ਼ਬਦ ਇੱਕ ਦੂਜੇ ਤੋਂ ਬਹੁਤ ਜ਼ਿਆਦਾ ਨੇੜੇ ਜਾਂ ਦੂਰ ਨਾ ਹੋਣ) | | | | | | |
| 105. ਆਪਣੇ ਨਾਂ ਦੀ ਨਕਲ ਨਹੀਂ ਕਰਦਾ/ਦੀ | | | | | | |
| 106. ਸਧਾਰਣ ਸ਼ਬਦਾਂ ਜਾਂ ਅੱਖਰਾਂ ਦੀ ਨਕਲ ਨਹੀਂ ਕਰਦਾ/ਦੀ | | | | | | |
| 107. ਇੱਕੋ ਜਿਹੇ ਦਿਖਾਈ ਦੇਣ ਵਾਲੇ ਅੱਖਰਾਂ ਨੂੰ ਠੀਕ ਅਨੁਸਥਿਤੀ ਵਿੱਚ ਨਹੀਂ ਵਰਤਦਾ/ਦੀ (ਮਿਸਾਲ ਦੇ ਤੌਰ ਤੇ, ਦ ਦੀ ਥਾਂ ਬ ਵਰਤ ਲੈਂਦਾ ਹੈ) | | | | | | |
| 108. ਜੋ ਵੀ ਲਿਖਦਾ/ਦੀ ਹੈ, ਉਸ ਨੂੰ ਬਾਰ ਬਾਰ ਮਿਟਾਉਣ ਦੀ ਪ੍ਰਵਾਹ ਨਹੀਂ ਕਰਦਾ/ਦੀ | | | | | | |
| 109. ਲਿਖਣ ਵੇਲੇ ਕਾਗ਼ਜ਼ ਸਹੀ ਢੰਗ ਨਾਲ ਨਹੀਂ ਫੜਦਾ/ਦੀ (ਬਲਕਿ ਇਸ ਨੂੰ ਇੱਕ ਅਜੀਬ ਕੋਣ ਤੋਂ ਫੜਦਾ/ਦੀ ਹੈ) | | | | | | |

## ਸੈਕਸ਼ਨ ਸ3. ਸਾਖਰਤਾ (ਅੱਖਰ-ਬੋਧ): ਗਣਿਤ:ਕਿੰਡਰਗਾਰਟਨ ਦਾ ਸਮਾਪਨ

SECTION D3: LITERACY: MATH: END OF KINDERGARTEN

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ/ਦੀ ਬੱਚਾ/ਚੀ

| | ਬਹੁਤ ਜ਼ਿਆਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 110. 100 ਤੱਕ ਗਿਣਤੀ ਨਹੀਂ ਕਰਦਾ/ਦੀ | | | | | | |
| 111. 5 ਤੋਂ 1 ਤੱਕ ਪੁੱਠੀ ਗਿਣਤੀ ਨਹੀਂ ਕਰਦਾ/ਦੀ (ਮਿਸਾਲ ਦੇ ਤੌਰ ਤੇ, 5,4,3,2,1) | | | | | | |
| 112. ਇਹ ਨਹੀਂ ਸਮਝਦਾ/ਦੀ ਕਿ ਕੁਝ ਚੀਜ਼ਾਂ ਦੀ ਕੀਮਤ ਦੂਜੀਆਂ ਨਾਲੋਂ ਵੱਧ ਹੁੰਦੀ ਹੈ (ਮਿਸਾਲ ਦੇ ਤੌਰ ਤੇ, ਇੱਕ ਕਾਰ ਦੀ ਕੀਮਤ ਇੱਕ ਕੈਂਡੀ ਬਾਰ ਨਾਲੋਂ ਵੱਧ ਹੁੰਦੀ ਹੈ) | | | | | | |
| 113. ਇਹ ਨਹੀਂ ਸਮਝਦਾ/ਦੀ ਕਿ ਗਿਣਤੀ ਦੀ ਤਰਤੀਬ ਵਿੱਚ ਆਖ਼ਰੀ ਅੰਕ ਉਸ ਤਰਤੀਬ ਵਿਚਲੇ ਸਾਰੇ ਅੰਕਾਂ ਨੂੰ ਦਰਸਾਉਂਦਾ ਹੈ (ਮਿਸਾਲ ਦੇ ਤੌਰ ਤੇ, ਜੇ ਮੈਂ 15 ਸੇਬ ਗਿਣਦਾ ਹਾਂ, ਤਾਂ 15 ਸੇਬ ਉੱਥੇ ਮੌਜੂਦ ਹਨ) | | | | | | |
| 114. ਜ਼ੀਰੋ ਦਾ ਸੰਕਲਪ ਨਹੀਂ ਸਮਝਦਾ/ਦੀ (ਮਿਸਾਲ ਦੇ ਤੌਰ ਤੇ, ਜੇ ਮੇਰੇ ਕੋਲ ਇਕ ਸੇਬ ਹੈ, ਉਸ ਵਿੱਚ ਮੈਂ ਜ਼ੀਰੋ ਸੇਬ ਜੋੜ ਦੇਵਾਂ, ਤਾਂ ਵੀ ਮੇਰੇ ਕੋਲ ਸੇਬਾਂ ਦੀ ਗਿਣਤੀ ਉਨੀ ਹੀ ਰਹੇਗੀ) | | | | | | |
| 115. ਬਹੁਤ ਸਾਰਾ, ਥੋੜ੍ਹਾ ਜਿੰਨਾ, ਸਾਰਾ, ਬਿਲਕੁਲ ਨਹੀਂ ਵਰਗੇ ਸੰਕਲਪ ਨਹੀਂ ਸਮਝਦਾ/ਦੀ (ਮਿਸਾਲ ਦੇ ਤੌਰ ਤੇ, ਉਸ ਕੋਲ ਬਹੁਤ ਸਾਰੇ ਖਿਡਾਉਣੇ ਹਨ, ਪਰ ਮੇਰੇ ਕੋਲ ਥੋੜ੍ਹੇ ਜਿੰਨੇ ਹਨ) | | | | | | |

## ਸੈਕਸ਼ਨ ਹ. ਭਾਸ਼ਾ: ਕਿੰਡਰਗਾਰਟਨ ਦਾ ਸਮਾਪਨ

SECTION E: LANGUAGE: END OF KINDERGARTEN

**ਸੈਕਸ਼ਨ ਦਾ ਵੇਰਵਾ** (Section description)

**ਹੇਠ ਦਿੱਤੇ ਕਥਨ ਤੁਹਾਡੇ ਬੱਚੇ/ਚੀ ਦੀ ਭਾਸ਼ਾ ਅਤੇ ਸੰਚਾਰ ਕੁਸ਼ਲਤਾ ਨਾਲ ਸਬੰਧ ਰੱਖਦੇ ਹਨ।**

The following statements refer to your child's language and communication skills

- ਇਹ ਭਾਗ ਅੱਗੋਂ 4 ਛੋਟੇ ਭਾਗਾਂ ਵਿੱਚ ਵੰਡਿਆ ਗਿਆ ਹੈ: ਗ੍ਰਹਿਣਸ਼ੀਲ ਭਾਸ਼ਾ, ਸੂਚਕ ਭਾਸ਼ਾ, ਸੰਧੀ ਯੋਜਨ (ਸਪੱਸ਼ਟਤਾ) ਅਤੇ ਤੱਥਾਤਮਕ (ਅਮਲ)
- ਕ੍ਰਿਪਾ ਕਰਕੇ ਹਰ ਇੱਕ ਪ੍ਰਸ਼ਨ ਲਈ ਕਿਸੇ ਇੱਕ ਡੱਬੇ ਤੇ ਨਿਸ਼ਾਨ ਲਾ ਕੇ ਇਹ ਦੱਸੋ ਕਿ ਤੁਸੀਂ ਇਨ੍ਹਾਂ ਕਥਨਾਂ ਵਿੱਚੋਂ ਹਰ ਇੱਕ ਨਾਲ ਕਿੰਨਾ ਸਹਿਮਤ ਹੋ:

### ਸੈਕਸ਼ਨ ਹ11. ਭਾਸ਼ਾ: ਗ੍ਰਹਿਣਸ਼ੀਲ (ਵਾਚਕ): ਕਿੰਡਰਗਾਰਟਨ ਦਾ ਸਮਾਪਨ

**SECTION E1: LANGUAGE: EXPRESSIVE: END OF KINDERGARTEN**

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ/ਦੀ ਬੱਚਾ/ਚੀ

| | ਬਹੁਤ ਜ਼ਿਆਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 116. ਆਪਣੇ ਅਨੁਭਵਾਂ ਬਾਰੇ ਵਿਸਥਾਰ ਵਿੱਚ ਨਹੀਂ ਦੱਸਦਾ/ਦੀ (ਮਿਸਾਲ ਦੇ ਤੌਰ ਤੇ, ਤੂੰ ਸਕੂਲ ਵਿੱਚ ਅੱਜ ਕੀ ਕੀਤਾ?) | | | | | | |
| 117. ਸਹੀ ਦਿਸ਼ਾ ਨਿਰਦੇਸ਼ ਨਹੀਂ ਦਿੰਦਾ/ਦੀ (ਮਿਸਾਲ ਦੇ ਤੌਰ ਤੇ, ਤੂੰ ਪਜ਼ਲ ਦਾ ਟੁਕੜਾ ਇਸ ਥਾਂ ਤੇ ਰੱਖਣਾ ਹੈ) | | | | | | |
| 118. ਲੰਮੇ ਅਤੇ ਪੇਚੀਦਾ ਵਾਕ ਨਹੀਂ ਬੋਲਦਾ/ਦੀ | | | | | | |
| 119. ਸਧਾਰਣ ਚੀਜ਼ਾਂ ਦੇ ਠੀਕ ਨਾਂ ਨਹੀਂ ਲੈਂਦਾ/ਦੀ | | | | | | |
| 120. ਨਵੇਂ ਲੋਕਾਂ ਅਤੇ ਨਵੀਆਂ ਥਾਂਵਾਂ ਦੇ ਨਾਂ ਆਸਾਨੀ ਨਾਲ ਨਹੀਂ ਸਿੱਖਦਾ/ਦੀ | | | | | | |
| 121. ਕਹਾਣੀ ਨਹੀਂ ਸੁਣਾਉਂਦਾ/ਦੀ | | | | | | |
| 122. ਕੋਈ ਸਧਾਰਣ ਕਹਾਣੀ ਨਹੀਂ ਘੜਦਾ/ਦੀ | | | | | | |
| 123. ਘਟਨਾਵਾਂ ਨੂੰ ਤਰਤੀਬਵਾਰ ਯਾਦ ਨਹੀ ਰੱਖਦਾ/ਦੀ (ਮਿਸਾਲ ਦੇ ਤੌਰ ਤੇ, ਸਭ ਤੋਂ ਪਹਿਲਾਂ ਕੀ ਵਾਪਰਿਆ, ਉਸ ਤੋਂ ਬਾਦ ਕੀ ਵਾਪਰਿਆ, ਅਖੀਰ ਵਿੱਚ ਕੀ ਵਾਪਰਿਆ) | | | | | | |
| 124. ਦੂਜਿਆਂ ਨਾਲ ਰਲ ਕੇ ਗਾਉਂਦਾ/ਦੀ ਨਹੀਂ | | | | | | |
| 125. ਉਹ ਪ੍ਰਸ਼ਨ ਨਹੀਂ ਪੁੱਛਦਾ/ਦੀ ਜਿਹੜੇ "ਕੌਣ" ਨਾਲ ਸ਼ੁਰੂ ਹੁੰਦੇ ਹਨ (ਮਿਸਾਲ ਦੇ ਤੌਰ ਤੇ, ਇਹ ਕੌਣ ਹੈ?) | | | | | | |
| 126. ਉਹ ਪ੍ਰਸ਼ਨ ਨਹੀਂ ਪੁੱਛਦਾ/ਦੀ ਜਿਹੜੇ "ਕਿਉਂ" ਨਾਲ ਸ਼ੁਰੂ ਹੁੰਦੇ ਹਨ (ਮਿਸਾਲ ਦੇ ਤੌਰ ਤੇ, ਮੈਂ ਪਾਰਕ ਵਿੱਚ ਕਿਉਂ ਨਹੀਂ ਜਾ ਸਕਦਾ?) | | | | | | |
| 127. ਉਹ ਪ੍ਰਸ਼ਨ ਨਹੀਂ ਪੁੱਛਦਾ/ਦੀ ਜਿਹੜੇ "ਕਦੋਂ" ਨਾਲ ਸ਼ੁਰੂ ਹੁੰਦੇ ਹਨ (ਮਿਸਾਲ ਦੇ ਤੌਰ ਤੇ, ਰਾਤ ਦੇ ਖਾਣੇ ਦਾ ਸਮਾਂ ਕਦੋਂ ਹੈ?) | | | | | | |

| | | | | | | |
|---|---|---|---|---|---|---|
| 128. ਪੜਨਾਂਵ ਨਹੀਂ ਵਰਤਦਾ/ਦੀ (ਮਿਸਾਲ ਦੇ ਤੌਰ ਤੇ, **ਮੈਂ** ਇਹ ਕੀਤਾ) | | | | | | |
| 129. ਅਧਿਕਾਰਬੋਧਕ ਨਾਂਵ ਨਹੀਂ ਵਰਤਦਾ/ਦੀ (ਮਿਸਾਲ ਦੇ ਤੌਰ ਤੇ, ਇਹ ਪਿਤਾ ਦੀ ਕਾਰ ਹੈ) | | | | | | |
| 130. ਆਮ ਭੂਤਕਾਲ ਦੀ ਵਰਤੋਂ ਨਹੀਂ ਕਰਦਾ/ਦੀ (ਮਿਸਾਲ ਦੇ ਤੌਰ ਤੇ, ਮੈਂ ਉਸ ਨਾਲ *ਖੇਡਿਆ*) | | | | | | |
| 131. ਚਲੰਤ ਵਰਤਮਾਨ ਕਾਲ ਦੀ ਵਰਤੋਂ ਨਹੀਂ ਕਰਦਾ/ਦੀ (ਮਿਸਾਲ ਦੇ ਤੌਰ ਤੇ, ਉਹ *ਤੁਰ ਰਿਹਾ* ਹੈ) | | | | | | |

## **ਸੈਕਸ਼ਨ ਹ2. ਭਾਸ਼ਾ**: ਗ੍ਰਹਿਣਸ਼ੀਲ: ਕਿੰਡਰਗਾਰਟਨ ਦਾ ਸਮਾਪਨ

SECTION E2: LANGUAGE: RECEPTIVE: END OF KINDERGARTEN

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ/ਦੀ ਬੱਚਾ/ਚੀ

| | ਬਹੁਤ ਜ਼ਿਆਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 132. ਉਨ੍ਹਾਂ ਹਦਾਇਤਾਂ ਦਾ ਪਾਲਣ ਨਹੀਂ ਕਰਦਾ/ਦੀ ਜਿਹੜੀਆ ਉਸ ਨੇ ਕੁਝ ਮਿੰਟ ਪਹਿਲਾਂ ਸੁਣੀਆਂ (ਮਿਸਾਲ ਦੇ ਤੌਰ ਤੇ, ਜਦੋਂ ਤੂੰ ਕੰਮ ਮੁਕਾ ਲਵੇਂ, ਤਾਂ ਇਸ ਨੂੰ ਇਸ ਦੇ ਠਿਕਾਣੇ ਤੇ ਰੱਖ ਦੇਵੀਂ) | | | | | | |
| 133. ਸਧਾਰਣ ਗ਼ੈਰ-ਸ਼ਾਬਦਿਕ ਭਾਸ਼ਾ ਨੂੰ ਸਮਝਣਾ ਸ਼ੁਰੂ ਨਹੀਂ ਕਰਦਾ/ਦੀ (ਮਿਸਾਲ ਦੇ ਤੌਰ ਤੇ, it’s raining cats and dogs), ਜੇ ਉਸ ਦੇ ਸੱਭਿਆਚਾਰ ਵਿੱਚ ਵਰਤਿਆ ਜਾਂਦਾ ਹੈ | | | | | | |
| 134. ਹਦਾਇਤਾਂ ਨੂੰ ਨਹੀਂ ਸਮਝਦਾ/ਦੀ ਜਦ ਤੱਕ ਕਿ ਉਸ ਨੂੰ ਘੱਟੋ ਘੱਟ ਦੋ ਵਾਰੀ ਦੁਹਰਾ ਕੇ ਨਾ ਦੱਸਿਆ ਜਾਵੇ | | | | | | |

## ਸੈਕਸ਼ਨ ਹ3. ਭਾਸ਼ਾ: ਤੱਥਾਤਮਕ (ਅਮਲੀ-ਰੂਪ): ਕਿੰਡਰਗਾਰਟਨ ਦਾ ਸਮਾਪਨ

SECTION E3: LANGUAGE: PRAGMATIC: END OF KINDERGARTEN

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ/ਦੀ ਬੱਚਾ/ਚੀ

| | ਬਹੁਤ ਜ਼ਿਆਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 135. ਆਮ ਰਫ਼ਤਾਰ ਨਾਲ ਨਹੀਂ ਬੋਲਦਾ/ਦੀ (ਮਿਸਾਲ ਦੇ ਤੌਰ ਤੇ, ਬਹੁਤ ਤੇਜ਼ ਜਾ ਬਹੁਤ ਹੌਲੀ ਬੋਲਦਾ/ਦੀ ਹੈ) | | | | | | |
| 136. ਦੂਜਿਆ ਨਾਲ ਗੱਲ ਕਰਨ ਮੌਕੇ ਆਪਣੇ ਅਤੇ ਉਨ੍ਹਾਂ ਵਿਚਕਾਰ ਇੱਕ ਸੁਵਿਧਾਜਨਕ (ਸੁਖਾਲਾ) ਫ਼ਾਸਲਾ ਨਹੀਂ ਰੱਖਦਾ/ਦੀ (ਜੇ ਉਸ ਦੇ ਸੱਭਿਆਚਾਰ ਵਿੱਚ ਅਜਿਹਾ ਕਰਨ ਦੀ ਉਸ ਕੋਲੋਂ ਆਸ ਰੱਖੀ ਜਾਂਦੀ ਹੈ) | | | | | | |
| 137. ਬਾਲਗਾਂ ਨਾਲ ਗੱਲਾਂ ਬਾਤਾਂ ਆਪ ਸ਼ੁਰੂ ਨਹੀਂ ਕਰਦਾ/ਦੀ | | | | | | |
| 138. ਦੂਜਿਆਂ ਨਾਲ ਗੱਲ ਕਰਨ ਵੇਲੇ ਵਾਰੀ ਸਿਰ ਨਹੀਂ ਕਰਦਾ/ਦੀ | | | | | | |
| 139. ਲੋਕਾਂ ਨਾਲ ਫ਼ੋਨ ਤੇ ਗੱਲ ਨਹੀਂ ਕਰਦਾ/ਦੀ | | | | | | |
| 140. "please" (ਪਲੀਜ਼) ਨਹੀਂ ਕਹਿੰਦਾ/ਦੀ (ਜੇ ਤੁਹਾਡੇ ਸੱਭਿਆਚਾਰ ਵਿੱਚ ਅਜਿਹਾ ਕਰਨਾ ਮੁਨਾਸਬ ਹੈ) | | | | | | |

## ਸੈਕਸ਼ਨ ਹ4. ਭਾਸ਼ਾ: ਸੰਧੀ ਯੋਜਨ: ਕਿੰਡਰਗਾਰਟਨ ਦਾ ਸਮਾਪਨ

SECTION E4: LANGUAGE: ARTICULATION: END OF KINDERGARTEN

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ/ਦੀ ਬੱਚਾ/ਚੀ

| | ਬਹੁਤ ਜ਼ਿਆਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 141. ਜ਼ਿਆਦਾਤਰ ਧੁਨੀਆਂ ਦਾ ਉਚਾਰਣ ਠੀਕ ਨਹੀਂ ਕਰਦਾ/ਦੀ | | | | | | |
| 142. ਇੰਨਾ ਸਾਫ਼ ਨਹੀਂ ਬੋਲਦਾ/ਦੀ ਕਿ ਅਜਨਬੀਆਂ (ਨਾਂ-ਵਾਕਿਫ) ਨੂੰ ਸਮਝ ਆ ਸਕੇ | | | | | | |

## ਸੈਕਸ਼ਨ ਕ. ਅਨੁਕੂਲਕ/ਸਵੈ-ਸਹਾਇਤਾ: ਕਿੰਡਰਗਾਰਟਨ ਦਾ ਸਮਾਪਨ

SECTION F: ADAPTIVE/SELF-HELP: END OF KINDERGARTEN

### ਸੈਕਸ਼ਨ ਦਾ ਵੇਰਵਾ (Section description)

**ਹੇਠ ਦਿੱਤੇ ਸੈਕਸ਼ਨ ਵਿੱਚ ਤੁਹਾਡੇ ਬੱਚੇ/ਚੀ ਦੀ ਆਤਮ ਨਿਰਭਰਤਾ ਸਬੰਧੀ ਕੁਸ਼ਲਤਾ ਜਾਂ ਉਹ ਆਪਣਾ ਖ਼ਿਆਲ ਕਿਵੇਂ ਰੱਖਦਾ/ਦੀ ਹੈ, ਬਾਰੇ ਜਾਣਕਾਰੀ ਦਿੱਤੀ ਗਈ ਹੈ।**

The following section contains information about your child's self-help skills or how he/she takes care of him/her self

- ਕ੍ਰਿਪਾ ਕਰਕੇ ਹਰ ਇੱਕ ਪ੍ਰਸ਼ਨ ਲਈ ਕਿਸੇ ਇੱਕ ਡੱਬੇ ਤੇ ਨਿਸ਼ਾਨ ਲਾ ਕੇ ਇਹ ਦੱਸੋ ਕਿ ਤੁਸੀਂ ਇਨ੍ਹਾਂ ਕਥਨਾਂ ਵਿੱਚੋਂ ਹਰ ਇੱਕ ਨਾਲ ਕਿੰਨਾ ਸਹਿਮਤ ਹੋ:

  ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ/ਦੀ ਬੱਚਾ/ਚੀ

| | ਬਹੁਤ ਜ਼ਿਆ ਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 143. ਜ਼ਿੱਪ ਨੂੰ ਜੋੜ ਕੇ ਜ਼ਿੱਪ ਬੰਦ ਨਹੀਂ ਕਰਦਾ/ਦੀ | | | | | | |
| 144. ਵੱਡੇ ਬਟਨ ਬੰਦ ਨਹੀਂ ਕਰਦਾ/ਦੀ | | | | | | |
| 145. ਚਮਚਾ ਅਤੇ ਕਾਂਟਾ (ਜਾਂ ਚੌਪਸਟਿੱਕ) ਸਹੀ ਢੰਗ ਨਾਲ ਨਹੀਂ ਫੜਦਾ/ਦੀ | | | | | | |
| 146. ਖਾਣਾ ਖਾਣ ਦੌਰਾਨ ਜਾਂ ਬਾਦਅ ਵਿੱਚ ਆਪਣਾ ਮੂੰਹ ਨਹੀਂ ਪੂੰਝਦਾ/ਦੀ | | | | | | |
| 147. ਖਾਣਾ ਖਾਣ ਦੌਰਾਨ ਜਾਂ ਬਾਦ ਵਿੱਚ ਆਪਣੇ ਹੱਥ ਨਹੀਂ ਪੂੰਝਦਾ/ਦੀ | | | | | | |
| 148. ਖੰਘਣ ਜਾਂ ਨਿੱਛ ਮਾਰਨ ਲੱਗਿਆਂ ਆਪਣਾ ਮੂੰਹ ਨਹੀਂ ਢਕਦਾ/ਦੀ | | | | | | |
| 149. ਤਿੱਖੀਆਂ ਚੀਜ਼ਾਂ ਦੀ ਵਰਤੋਂ ਕਰਨ ਵੇਲੇ ਧਿਆਨ ਨਹੀਂ ਰੱਖਦਾ/ਦੀ (ਮਿਸਾਲ ਦੇ ਤੌਰ ਤੇ, ਕੈਂਚੀ) | | | | | | |
| 150. ਗਰਮ ਚੀਜ਼ਾਂ ਦੇ ਆਸ ਪਾਸ ਹੋਣ ਵੇਲੇ ਧਿਆਨ ਨਹੀਂ ਰੱਖਦਾ/ਦੀ | | | | | | |
| 151. ਇਹ ਨਹੀਂ ਜਾਣਦਾ/ਦੀ ਕਿ ਕਾਰ ਵਿੱਚ ਜਾਂਦਿਆਂ ਉਸ ਨੂੰ ਕਾਰ ਸੀਟ ਵਿੱਚ ਬੈਠਣ ਦੀ ਲੋੜ ਹੈ | | | | | | |
| 152. ਸੜਕ ਪਾਰ ਕਰਨ ਲੱਗਿਆਂ ਦੋਵੇਂ ਪਾਸੇ ਨਹੀਂ ਵੇਖਦਾ/ਦੀ | | | | | | |
| 153. ਆਪਣੇ ਆਪ ਪਖ਼ਾਨਾ ਨਹੀਂ ਕਰਦਾ/ਦੀ (ਹਾਲੇ ਵੀ ਡਾਇਪਰ ਵਰਤਦਾ/ਦੀ ਹੈ) | | | | | | |
| 154. ਦਿਨ ਵੇਲੇ, ਆਪਣੇ ਪਿਸ਼ਾਬ ਤੇ ਕਾਬੂ ਨਹੀਂ ਰੱਖਦਾ/ਦੀ (ਹਾਲੇ ਵੀ ਡਾਇਪਰ ਵਰਤਦਾ/ਦੀ ਹੈ) | | | | | | |
| 155. ਰਾਤ ਵੇਲੇ, ਆਪਣੇ ਆਪ ਪਖ਼ਾਨਾ ਨਹੀਂ ਕਰਦਾ/ਦੀ (ਹਾਲੇ ਵੀ ਡਾਇਪਰ ਵਰਤਦਾ/ਦੀ ਹੈ) | | | | | | |
| 156. ਰਾਤ ਵੇਲੇ, ਆਪਣੇ ਪਿਸ਼ਾਬ ਤੇ ਕਾਬੂ ਨਹੀਂ ਰੱਖਦਾ/ਦੀ (ਹਾਲੇ ਵੀ ਡਾਇਪਰ ਵਰਤਦਾ/ਦੀ ਹੈ) | | | | | | |

## **ਸੈਕਸ਼ਨ ਖ. ਸੰਵੇਦਕ ਪ੍ਰਕਿਰਿਆ/ ਸੰਵੇਦਕ ਸੰਵੇਦਨਸ਼ੀਲਤਾ:** ਕਿੰਡਰਗਾਰਟਨ

SECTION G: SENSORY PROCESSING:/SENSORY SENSITIVITY: END OF KINDERGARTEN

**ਸੈਕਸ਼ਨ ਦਾ ਵੇਰਵਾ** (Section description_

- ਹੇਠ ਦਿੱਤੇ ਸੈਕਸ਼ਨ ਵਿੱਚ ਤੁਹਾਡੇ ਬੱਚੇ/ਚੀ **ਦੀ** ਸੰਵੇਦਕ ਪ੍ਰਕਿਰਿਆ ਨਾਲ ਸਬੰਧਤ ਕੁਸ਼ਲਤਾ ਬਾਰੇ ਜਾਣਕਾਰੀ ਦਿੱਤੀ ਹੈ।

**ਸੈਕਸ਼ਨ ਸਬੰਧੀ ਨਿਰਦੇਸ਼** (Section instructions)

- ਕ੍ਰਿਪਾ ਕਰਕੇ ਹਰ ਇੱਕ ਪ੍ਰਸ਼ਨ ਲਈ ਕਿਸੇ ਇੱਕ ਡੱਬੇ ਤੇ ਨਿਸ਼ਾਨ ਲਾ ਕੇ ਇਹ ਦੱਸੋ ਕਿ ਤੁਸੀਂ ਇਨ੍ਹਾਂ ਕਥਨਾਂ ਵਿੱਚੋਂ ਹਰ ਇੱਕ ਨਾਲ ਕਿੰਨਾ ਸਹਿਮਤ ਹੋ:

ਮੈਨੂੰ ਇਹ ਚਿੰਤਾ (ਬਹੁਤ ਜ਼ਿਆਦਾ/ਥੋੜ੍ਹੀ ਬਹੁਤ/ਜ਼ਰਾ ਜਿੰਨੀ,ਨਹੀਂ) ਹੈ ਕਿ ਮੇਰਾ (5-6 ਸਾਲ ਦੀ ਉਮਰ) ਦਾ/ਦੀ ਬੱਚਾ/ਚੀ

| | ਬਹੁਤ ਜ਼ਿਆਦਾ | ਥੋੜ੍ਹੀ ਬਹੁਤ | ਜ਼ਰਾ ਜਿੰਨੀ | ਚਿੰਤਾ ਨਹੀਂ | ਪਤਾ ਨਹੀਂ | ਲਾਗੂ ਨਹੀਂ |
|---|---|---|---|---|---|---|
| 157. ਹੇਠਾਂ ਉਪਰ ਨੂੰ ਕਾਫ਼ੀ ਉਛਾਲਿਆ ਜਾਂਦਾ/ਦੀ ਨਹੀਂ ਜਾਪਦਾ/ਦੀ | | | | | | |
| 158. ਅਗਾਂਹ ਪਿਛਾਂਹ ਨੂੰ ਕਾਫ਼ੀ ਝੁਲਾਇਆ ਜਾਂਦਾ/ਦੀ ਨਹੀਂ ਜਾਪਦਾ/ਦੀ | | | | | | |
| 159. ਕਾਫ਼ੀ ਪੁੱਠੀਆਂ ਸਿੱਧੀਆਂ ਖੇਡਾਂ ਖੇਡਣ ਨਹੀਂ ਦਿੱਤਾ ਜਾਂਦਾ/ਦੀ | | | | | | |
| 160. ਛੋਹੇ ਜਾਣਾ ਜਾਂ ਗਲੇ ਲਗਾਏ ਜਾਣਾ ਪਸੰਦ ਨਹੀਂ ਕਰਦਾ/ਦੀ | | | | | | |
| 161. ਕੁਝ ਖ਼ਾਸ ਕੱਪੜੇ (ਮਿਸਾਲ ਦੇ ਤੌਰ ਤੇ, ਊਨੀ) ਆਪਣੇ ਸਰੀਰ ਨਾਲ ਛੋਹੇ ਜਾਣਾ ਪਸੰਦ ਨਹੀਂ ਕਰਦਾ/ਦੀ | | | | | | |
| 162. ਆਪਣੇ ਹੱਥ ਸਾਂਭ ਕੇ ਰੱਖਣ ਦੇ ਸਮਰੱਥ ਨਹੀਂ ਜਾਪਦਾ/ਦੀ ਅਤੇ ਦੂਜਿਆਂ ਨੂੰ ਹੱਥ ਲਾਉਂਦਾ/ਦੀ ਰਹਿੰਦਾ/ਦੀ ਹੈ | | | | | | |
| 163. ਭੀੜ ਵਾਲੀਆਂ ਥਾਂਵਾਂ ਤੇ ਰਹਿਣਾ ਪਸੰਦ ਨਹੀਂ ਕਰਦਾ/ਦੀ | | | | | | |
| 164. ਕਦੇ ਕਦੇ ਸੁਣਦਾ/ਦੀ ਨਹੀਂ ਜਾਪਦਾ/ਦੀ | | | | | | |
| 165. ਬਿਲਕੁਲ ਹੀ ਸੁਣਦਾ/ਦੀ ਨਹੀਂ ਜਾਪਦਾ/ਦੀ ਹਾਲਾਂਕਿ ਉਸ ਦੀ ਸੁਣਨ ਸ਼ਕਤੀ ਦੀ ਜਾਂਚ ਕਰਾਈ ਹੈ ਅਤੇ ਇਹ ਠੀਕ ਹੈ | | | | | | |
| 166. ਬਹੁਤ ਜ਼ਿਆਦਾ ਉੱਚੀਆਂ ਅਵਾਜ਼ਾਂ ਤੋਂ ਪ੍ਰੇਸ਼ਾਨ ਹੁੰਦਾ/ਦੀ ਨਹੀਂ ਜਾਪਦਾ/ਦੀ | | | | | | |
| 167. ਕਈ ਸਧਾਰਣ ਅਵਾਜ਼ਾਂ ਨੂੰ ਬਰਦਾਸ਼ਤ ਨਹੀਂ ਕਰਦਾ/ਦੀ ਜਿਵੇਂ ਕਿ ਵੈਕਮ ਕਲੀਨਰਾਂ ਅਤੇ ਹੇਅਰ ਡਰਾਇਰਾਂ ਦੀਆਂ ਅਵਾਜ਼ਾਂ, ਜਾਂ ਐਮਬੂਲੈਂਸ ਦੇ ਘੁੱਗੂ (ਹੌਰਨ) | | | | | | |
| 168. ਕੁਝ ਖ਼ਾਸ ਰੰਗਾਂ ਵੇਖਣਾ ਪਸੰਦ ਨਹੀਂ ਕਰਦਾ/ਦੀ, ਪਰ ਉਸ ਦੀ ਨਜ਼ਰ ਦੀ ਜਾਂਚ ਕਰਾਈ ਹੈ ਅਤੇ ਇਹ ਠੀਕ ਹੈ | | | | | | |
| 169. ਕੁਝ ਖ਼ਾਸ ਨਮੂਨਿਆਂ ਨੂੰ ਵੇਖਣਾ ਪਸੰਦ ਨਹੀਂ ਕਰਦਾ/ਦੀ, ਪਰ ਉਸ ਦੀ ਨਜ਼ਰ ਦੀ ਜਾਂਚ ਕਰਾਈ ਹੈ ਅਤੇ ਇਹ ਠੀਕ ਹੈ | | | | | | |
| 170. ਕੁਝ ਖ਼ਾਸ ਭੋਜਨਾਂ ਦੀ ਸ਼ਕਲ ਸੂਰਤ ਨੂੰ ਵੇਖਣਾ ਪਸੰਦ ਨਹੀਂ ਕਰਦਾ/ਦੀ (ਮਿਸਾਲ ਦੇ ਤੌਰ ਤੇ, ਚਟਨੀ ਵਰਗੇ ਭੋਜਨ) | | | | | | |
| 171. ਕੁਝ ਖ਼ਾਸ ਬਨਾਵਟ ਵਾਲੇ ਭੋਜਨਾਂ ਨੂੰ ਬਹੁਤਾ ਖਾਂਦਾ/ਦੀ ਨਹੀਂ ਜਾਪਦਾ/ਦੀ (ਮਿਸਾਲ ਦੇ ਤੌਰ ਤੇ,ਕੁਰਕੁਰੇ ਭੋਜਨ) | | | | | | |
| 172. ਕੁਝ ਖ਼ਾਸ ਗੰਧਾਂ (ਮਹਿਕਾਂ) ਨੂੰ ਬਰਦਾਸ਼ਤ ਕਰਦਾ/ਦੀ ਨਹੀਂ ਜਾਪਦਾ/ਦੀ | | | | | | |
| 173. ਉਂਗਲਾਂ ਨਾਲ ਰੰਗ ਭਰ ਕੇ ਤਸਵੀਰਾਂ ਬਣਾਉਣਾ ਪਸੰਦ ਨਹੀਂ ਕਰਦਾ/ਦੀ | | | | | | |
| 174. ਡੋ ਜਾਂ ਕਲੇਅ ਨਾਲ ਖੇਡਣਾ ਪਸੰਦ ਨਹੀਂ ਕਰਦਾ/ਦੀ | | | | | | |
| 175. ਪਜ਼ਲਾਂ ਨਾਲ ਖੇਡਣਾ ਪਸੰਦ ਨਹੀਂ ਕਰਦਾ/ਦੀ | | | | | | |
| 176. ਰੇਤ ਨਾਲ ਖੇਡਣਾ ਪਸੰਦ ਨਹੀਂ ਕਰਦਾ/ਦੀ | | | | | | |
| 177. ਲਿਬੜਨਾ ਪਸੰਦ ਨਹੀਂ ਕਰਦਾ/ਦੀ | | | | | | |
| 178. ਤਾਕਤਵਰ ਨਹੀਂ ਜਾਪਦਾ/ਦੀ ਅਤੇ ਹੋਰਨਾਂ ਬੱਚਿਆਂ ਨਾਲੋਂ ਜ਼ਿਆਦਾ ਛੇਤੀ ਥੱਕ ਜਾਂਦਾ/ਦੀ ਨਜ਼ਰ ਆਉਂਦਾ/ਦੀ ਹੈ | | | | | | |

| | | | | | | | |
|---|---|---|---|---|---|---|---|
| 179. ਠੀਕ ਤਾਲ ਮੇਲ ਰੱਖਦਾ/ਦੀ ਨਹੀਂ ਜਾਪਦਾ/ਦੀ ਅਤੇ ਜ਼ਿਆਦਾਤਰ ਕਠੋਰ ਨਜ਼ਰ ਆਉਂਦਾ/ਦੀ ਹੈ | | | | | | | |
| 180. ਇਸ ਗੱਲ ਦਾ ਧਿਆਨ ਰੱਖਦਾ/ਦੀ ਨਹੀਂ ਜਾਪਦਾ/ਦੀ ਕਿ ਉਹ ਕਿਧਰ ਨੂੰ ਜਾ ਰਿਹਾ ਹੈ ਅਤੇ ਕਈ ਵਾਰੀ ਕਾਫ਼ੀ ਅਨਾੜੀ ਨਜ਼ਰ ਆਉਂਦਾ/ਦੀ ਹੈ | | | | | | | |
| 181. ਆਪਣੇ ਸਰੀਰ ਦੇ ਸੱਜੇ ਪਾਸੇ ਅਤੇ ਖੱਬੇ ਪਾਸੇ ਵਿੱਚ ਫ਼ਰਕ ਨਹੀਂ ਜਾਣਦਾ/ਦੀ | | | | | | | |
| 182. ਡੈੱਸਕ ਤੇ ਠੀਕ ਮੁਦਰਾ ਵਿੱਚ ਨਹੀਂ ਬੈਠਦਾ/ਦੀ | | | | | | | |
| 183. ਪੈਨਸਿਲਾਂ ਨੂੰ ਠੀਕ ਢੰਗ ਨਾਲ ਨਹੀਂ ਫੜਦਾ/ਦੀ (ਉਨ੍ਹਾਂ ਨੂੰ ਬਹੁਤ ਘੁੱਟ ਕੇ ਜਾਂ ਬਹੁਤ ਢਿੱਲੇ ਜਿਹੇ ਢੰਗ ਨਾਲ ਫੜਦਾ/ਦੀ ਹੈ) | | | | | | | |
| 184. ਡਰਾਇੰਗ ਕਰਨ, ਲਿਖਣ ਅਤੇ ਪੇਂਟਿੰਗ ਕਰਨ ਵਰਗੀਆਂ ਗਤੀਵਿਧੀਆਂ ਨੂੰ ਪਸੰਦ ਨਹੀਂ ਕਰਦਾ/ਦੀ | | | | | | | |
| 185. ਜ਼ਿਆਦਾਤਰ ਇੱਕ ਹੱਥ ਦੀ ਵਰਤੋਂ ਨਹੀਂ ਕਰਦਾ/ਦੀ, ਅਤੇ ਹਾਲੇ ਵੀ ਦੋਹਾਂ ਹੱਥਾਂ ਦੀ ਬਰਾਬਰ ਵਰਤੋਂ ਕਰਦਾ/ਦੀ ਹੈ | | | | | | | |
| 186. ਚੰਗੀ ਤਰ੍ਹਾਂ ਨਹੀਂ ਤੁਰਦਾ/ਦੀ, ਬਲਕਿ ਪੱਬਾਂ ਭਾਰ ਤੁਰਦਾ/ਦੀ ਹੈ | | | | | | | |
| 187. ਸੰਤੁਲਨ ਦੀ ਸਹੀ ਸੂਝ ਰੱਖਦਾ/ਦੀ ਨਹੀਂ ਜਾਪਦਾ/ਦੀ | | | | | | | |
| 188. ਆਪਣੇ ਨਿਤ-ਕਰਮ (ਰੁਟੀਨ) ਵਿੱਚ ਤਬਦੀਲੀ ਕਰਨਾ ਪਸੰਦ ਨਹੀਂ ਕਰਦਾ/ਦੀ | | | | | | | |
| 189. ਅੱਖਾਂ ਵਿੱਚ ਅੱਖਾਂ ਪਾ ਕੇ ਤੱਕਣਾ ਪਸੰਦ ਨਹੀਂ ਕਰਦਾ/ਦੀ | | | | | | | |
| 190. ਸਹਿਣਸ਼ੀਲਤਾ ਵਾਲਾ ਨਹੀਂ ਹੈ ਅਤੇ ਛੇਤੀ ਦੁਖੀ ਹੋ ਜਾਂਦਾ/ਦੀ ਹੈ | | | | | | | |

## ਸੈਕਸ਼ਨ ਗ: ਪੇਸ਼ਾਵਰਾਂ ਲਈ ਪ੍ਰਸ਼ਨ

SECTION H: Questions for Professionals

ਇਸ ਸੈਕਸ਼ਨ ਵਿੱਚ ਅਸੀਂ ਪ੍ਰਸ਼ਨਾਂ ਦੀ ਇੱਕ ਸੂਚੀ ਬਣਾਈ ਹੈ ਜਿਹੜੀ ਆਪਣੇ ਬੱਚੇ/ਚੀ ਦੇ ਵਿਕਾਸ ਸਬੰਧੀ ਕੋਈ ਵੀ ਚਿੰਤਾ ਜੋ ਤੁਹਾਨੂੰ ਹੋ ਸਕਦੀ ਹੈ, ਦਾ ਯੋਗ ਪੇਸ਼ਾਵਰਾਂ ਕੋਲ ਪ੍ਰਗਟਾਵਾ ਕਰਨ ਵਿੱਚ ਮਦਦ ਕਰ ਸਕਦੀ ਹੈ (ਮਿਸਾਲ ਦੇ ਤੌਰ ਤੇ, ਬੱਚਿਆਂ ਦੇ ਮਾਹਰ, ਆਮ ਡਾਕਟਰ, ਪਬਲਿਕ ਹੈੱਲਥ ਨਰਸਾਂ…):

ਮੇਰਾ ਬੱਚਾ/ਚੀ (ਕ੍ਰਿਪਾ ਕਰਕੇ ਉਸ ਕਥਨ ਤੇ ਨਿਸ਼ਾਨ ਲਾਉ ਜਿਹੜਾ ਤੁਹਾਡੇ ਬੱਚੇ/ਚੀ ਤੇ ਢੁਕਦਾ ਹੈ):

| | |
|---|---|
| …ਭਾਸ਼ਾ ਰਾਹੀਂ ਆਪਣੀਆਂ ਲੋੜਾਂ ਬਾਰੇ ਦੱਸਣ ਵਿੱਚ ਔਖਿਆਈ ਮਹਿਸੂਸ ਕਰਦਾ/ਦੀ ਹੈ | |
| …ਉਹ ਗੱਲ ਸਮਝਦਾ/ਦੀ ਨਹੀਂ ਜਾਪਦਾ/ਦੀ ਜਿਹੜੀ ਉਸ ਨੂੰ ਦੂਸਰੇ ਦੱਸ ਰਹੇ ਹੁੰਦੇ ਹਨ | |
| …ਆਪਣੇ ਸ਼ਬਦ ਭੰਡਾਰ ਵਿੱਚ ਉਨੇ ਸ਼ਬਦ ਨਹੀਂ ਰੱਖਦਾ/ਦੀ ਜਿੰਨੇ ਉਸ ਦੀ ਉਮਰ ਦੇ ਹੋਰ ਬੱਚੇ/ਚੀਆਂ ਰੱਖਦੇ ਹਨ | |
| …ਅੰਤਾਕਸ਼ਰੀ ਵਾਲੀਆਂ ਖੇਡਾਂ ਵਿੱਚ ਮਜ਼ਾ ਨਹੀਂ ਲੈਂਦਾ/ਦੀ (ਅਤੇ ਕਦੇ ਕਦੇ ਵਿਰੋਧ ਕਰਦਾ/ਦੀ ਹੈ) | |
| …ਕਹਾਣੀਆਂ ਸੁਣਨ ਦਾ ਅਨੰਦ ਮਾਣਦਾ/ਦੀ ਨਹੀਂ ਜਾਪਦਾ/ਦੀ (ਅਤੇ ਕਦੇ ਕਦੇ ਵਿਰੋਧ ਕਰਦਾ/ਦੀ ਹੈ) | |
| …ਛਾਪੇ ਅਤੇ ਛਪੀ ਹੋਈ ਸਮੱਗਰੀ ਪ੍ਰਤੀ ਉਤਸਕ ਨਹੀਂ ਜਾਪਦਾ/ਦੀ | |
| …ਬਲਕਿ ਆਪਣੀ ਉਮਰ ਦੇ ਬੱਚਿਆਂ ਦੇ ਮੁਕਾਬਲੇ ਬੇਢੰਗਾ/ਗੀ ਜਾਪਦਾ/ਦੀ | |
| …ਆਪਣੇ ਆਪ ਇਕੱਲਿਆਂ ਖੇਡਣ ਨੂੰ ਤਰਜੀਹ ਦਿੰਦਾ/ਦੀ ਹੈ | |
| …ਬਹੁਤੇ ਮਿੱਤਰ ਬਣਾਉਂਦਾ/ਦੀ ਨਹੀਂ ਜਾਪਦਾ/ਦੀ | |

## ਸੈਕਸ਼ਨ ਘ: ਕੀ ਮੈਂ ਆਪਣੇ ਬੱਚੇ/ਚੀ ਦੇ ਵਿਕਾਸ ਨੂੰ ਉਤਸ਼ਾਹਤ ਕਰ ਰਿਹਾ/ਹੀ ਹਾਂ

**SECTION I: Am I following my child’s development**

ਇਸ ਸੈਕਸ਼ਨ ਵਿੱਚ ਉਹ ਜਾਣਕਾਰੀ ਦਿੱਤੀ ਹੈ ਜੋ ਤੁਹਾਡੀ ਆਪਣੇ ਬੱਚੇ/ਚੀ ਦੇ ਵਿਕਾਸ ਨੂੰ ਉਤਸ਼ਾਹਤ ਕਰਨ ਵਿੱਚ ਮਦਦ ਕਰ ਸਕਦੀ ਹੈ। ਕ੍ਰਿਪਾ ਕਰਕੇ ਉਨ੍ਹਾਂ ਸਾਰੇ ਕਥਨਾਂ ਤੇ ਨਿਸ਼ਾਨ ਲਾਉ ਜਿਹੜੇ ਤੁਹਾਡੇ ਤੇ ਢੁਕਦੇ ਹਨ ਅਤੇ ਜੇਕਰ ਹੇਠ ਦਿੱਤੇ ਕਥਨਾਂ ਵਿੱਚੋਂ ਬਹੁਤੇ ਤੁਹਾਡੇ ਅਤੇ ਤੁਹਾਡੇ ਘਰ ਤੇ ਢੁਕਦੇ ਹਨ, ਤਾਂ ਇਸ ਗੱਲ ਦੀ ਸੰਭਾਵਨਾ ਹੈ ਕਿ ਤੁਸੀਂ!

| | |
|---|---|
| 1. ਮੇਰੇ ਬੱਚੇ/ਚੀ ਕੋਲ “ਪੜ੍ਹਨ” ਲਈ ਕਈ ਬੱਚਿਆਂ ਵਾਲੀਆਂ ਪੁਸਤਕਾਂ ਹਨ, ਜਾਂ ਕੇਵਲ ਵੇਖਣ ਲਈ | |
| 2. ਮੇਰੇ ਬੱਚੇ/ਚੀ ਕੋਲ ਇੱਕ “ਵਰਣਮਾਲਾ” ਪੁਸਤਕ ਹੈ | |
| 3. ਮੇਰੇ ਬੱਚੇ/ਚੀ ਕੋਲ ਇੱਕ “ਰਾਈਮਿੰਗ” ਪੁਸਤਕ ਹੈ | |
| 4. ਮੇਰੇ ਬੱਚੇ/ਚੀ ਕੋਲ ਖੇਡਣ ਲਈ ਚੁੰਬਕੀ ਅੱਖਰ ਅਤੇ ਹਿੰਦਸੇ ਹਨ, ਅਤੇ ਉਹ ਫਰਿੱਜ ਤੇ ਚਿੰਬੜ ਜਾਂਦੇ ਹਨ | |
| 5. ਮੇਰੇ ਬੱਚੇ/ਚੀ ਕੋਲ ਬਲਾਕ ਹਨ ਜਿਨ੍ਹਾਂ ਉੱਤੇ ਅੱਖਰ ਅਤੇ ਹਿੰਦਸੇ ਬਣੇ ਹੋਏ ਹਨ | |
| 6. ਸਾਡੇ ਘਰ ਵਿੱਚ ਸਾਰੇ ਪਾਸੇ ਛਪੀ ਹੋਈ ਸਮੱਗਰੀ ਮੌਜੂਦ ਹੈ | |
| 7. ਮੇਰੇ ਬੱਚੇ/ਚੀ ਕੋਲ ਲਿਖਣ/ਵਾਹੁਣ ਲਈ ਪੈਨਸਿਲਾਂ ਅਤੇ ਕਰੇਔਨ ਹਨ, ਅਤੇ ਲਿਖਣ/ਵਾਹੁਣ ਲਈ ਬਹੁਤੀ ਸਾਰੇ ਕਾਗ਼ਜ਼ ਹਨ | |

| | |
|---|---|
| 8. ਮੈਂ ਲਗ ਭਗ ਹਰ ਰੋਜ਼ ਆਪਣੇ ਬੱਚੇ/ਚੀ ਨੂੰ ਕੁਝ ਪੜ੍ਹ ਕੇ ਸੁਣਾਉਂਦਾ/ਦੀ ਹਾਂ | |
| 9. ਹਫ਼ਤੇ ਵਿੱਚ ਕੁਝ ਵਾਰ ਮੈਂ ਆਪਣੇ ਬੱਚੇ/ਚੀ ਨੂੰ ਰਾਤੀਂ ਸੌਣ ਵੇਲੇ ਜਾਂ ਆਮ ਕਹਾਣੀਆਂ ਸੁਣਾਉਂਦਾ/ਦੀ ਹਾਂ | |
| 10. ਕਾਰ ਵਿੱਚ ਜਾਂ ਆਂਢ ਗੁਆਂਢ ਵਿੱਚ ਘੁੰਮਦੇ ਸਮੇਂ ਮੈਂ ਅੱਖਰਾਂ, ਹਿੰਦਸਿਆਂ ਅਤੇ ਚਿੰਨ੍ਹਾਂ ਵੱਲ ਆਪਣੇ ਬੱਚੇ/ਚੀ ਦਾ ਧਿਆਨ ਦਿਵਾਉਂਦਾ/ਦੀ ਹਾਂ | |
| 11. ਮੈਂ ਅਕਸਰ ਆਪਣੇ ਬੱਚੇ/ਚੀ ਦਾ ਕਲਾਤਮਕ ਕੰਮ (ਆਰਟ-ਵਰਕ) ਘਰ ਵਿੱਚ ਪ੍ਰਦਰਸ਼ਿਤ ਕਰ ਦਿੰਦਾ/ਦੀ ਹਾਂ ਜਿੱਥੇ ਉਹ ਇਸ ਨੂੰ ਵੇਖ ਸਕੇ (ਤੁਹਾਡੇ ਬੱਚੇ/ਚੀ ਦੇ ਆਤਮ ਸਨਮਾਨ ਲਈ ਬਹੁਤ ਮਹੱਤਵਪੂਰਣ) | |
| 12. ਮੈਂ ਹਰ ਹਫ਼ਤੇ ਆਪਣੇ ਬੱਚੇ/ਚੀ ਨੂੰ ਨਵੇਂ ਸ਼ਬਦ ਸਿਖਾਉਂਦਾ/ਦੀ ਹਾਂ | |
| 13. ਮੈਂ ਹਰ ਹਫ਼ਤੇ ਆਪਣੇ ਬੱਚੇ/ਚੀ ਨਾਲ ਅੰਤਾਕਸ਼ਰੀ ਵਾਲੀਆਂ ਖੇਡਾਂ ਖੇਡਦਾ/ਦੀ ਹਾਂ | |